# ਅੰਮ੍ਰਿਤ ਕੀਰਤਨ


ਦਸੰਬਰ 2012



ਭਾਈ ਸਾਹਿਬ ਭਾਈ ਅਰਦਮਨ ਸਿੰਘ ਬਾਗੜੀਆਂ ਆਪਣੇ ਸਪੁੱਤਰਾਂ ਨਾਲ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਪੈਂਤੀ ਅੱਖਰੀ-ਕਾਫ਼ੀਆਂ

## ਗ

ਗਿਆਨ ਬਿਨਾ ਜੇ ਕੋਈ ਬੰਦਾ,
ਪਸ਼ੂ ਢੋਰ ਸਦਾਵੇ ਹੂ।

ਚੰਗੀ ਮੰਦੀ ਖਬਰ ਨ ਕੋਈ,
ਨ ਬੁਰਾ ਭਲਾ ਸਮਝਾਵੇ ਹੂ।

ਕਿਧਰੋਂ ਆਇਆ, ਕਿੱਧਰ ਚਲਿਆ,
ਹੁਣ ਕਿਧਰ ਨੂੰ ਜਾਵੇ ਹੂ।

ਸੰਤੋਖ ਖਾਣਾ ਨ ਪੀਣਾ ਸਮਝੇ,
ਕਿੱਥੋਂ ਆਵੇ ਜਾਵੇ ਹੂ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ
- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
  'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।
  ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

Type Setting & Designed by :
Rajpreet Singh Khural - 9915545084


# ਇਸ ਅੰਕ ਵਿਚ


ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ-ਭਾਈ ਸਾਹਿਬ ਰਈਸ ਬਾਗੜੀਆਂ 5

**ਗੁਰੂ ਨਾਨਕ ਬਾਣੀ: ਸੰਗੀਤਾਤਮਿਕ ਵਿਸ਼ਲੇਸ਼ਣ**
**ਡਾ. ਹਰਜਸ ਕੌਰ 8**

**ਸੰਗੀਤ ਪ੍ਰਕਾਸ਼ਨਾਵਾਂ ਦਾ ਇਤਿਹਾਸ ਅਤੇ ਵਿਕਾਸ**
**ਰਿਸ਼ਪਾਲ ਸਿੰਘ 18**

ਸੁਰ ਲਿਪੀ 25


## ਵਧਾਈ

ਭਾਈ ਸਾਹਿਬ ਭਾਈ ਨਿਰਮਲ ਸਿੰਘ ਖਾਲਸਾ ਨੂੰ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਰਾਗੀ ਐਵਾਰਡ ਪ੍ਰਾਪਤ ਹੋਣ 'ਤੇ ਅਦਾਰਾ 'ਅੰਮ੍ਰਿਤ ਕੀਰਤਨ' ਵੱਲੋਂ ਵਿਸ਼ੇਸ਼ ਵਧਾਈ

# ✉ ਮਿਤ੍ਰ ਅਸਾਡੜੇ ਸੇਈ

I would greatly appreciate for your constant support in spreading Gurbani to all the sikh community and also sending me a CD of Gurbani. Warm Regards

**surjitssdhillon562000@yahoo.com**

Thank you Ever so much for the two CDs ( Babiha Amrit vele Bolia and Sabh bhidh tum hi janate). I have no words for your contribution towards the Guru Ke Piare. Akalpurkh has blessed you most soothing voice. I am really addicted to listening the shabad sung by you.While praying all the best for you. Regards. Gurbux Singh

**ahujagbsingh@gmail.com**

ਸਬੱਬ ਨਾਲ ਗੁਰਮਤਿ ਕਾਲਜ ਪਟਿਆਲਾ ਦੀ ਛਪਾਈ ਪੁਸਤਕ - ਗਿਆਨੁ ਚਿਰਾਗ- ਲਾਇਬ੍ਰੇਰੀ ਗੁਰਦੁਆਰਾ ਸੈਕਟਕਰ 34 ਚੰਡੀਗੜ੍ਹ ਤੋਂ ਲਿਆਇਆ। ਆਪ ਦਾ ਲੇਖ- ਗੁਰੂਗ੍ਰੰਥ ਸਾਹਿਬ ਦੀ ਸੰਗੀਤਕ ਮਹੱਤਤਾ- ਪੜ੍ਹਿਆ। ਇਹੋ ਜਿਹਾ ਗੰਭੀਰ ਲੇਖ- ਜਾਂ ਇਹ ਲੇਖ ਅੰਮ੍ਰਿਤ ਕੀਰਤਨ ਵਿੱਚ ਛਪਿਆ ਹੈ- ਮੇਰੇ ਧਿਆਨ ਵਿੱਚ ਨਹੀਂ। ਜੇ ਛਪਿਆ ਹੈ ਤਾਂ ਭੁੱਲ ਗਿਆ ਹਾਂ- ਆਪ ਹੀ ਸਪਸ਼ਟ ਕਰ ਸਕਦੇ ਹੋ। ਮੇਰੀ ਨਜ਼ਰ ਵਿੱਚ ਇਹ ਲੇਖ ਇੱਕ ਖੋਜ ਪੂਰਤ ਉਤਮ ਕਿਰਤ ਹੈ। ਆਪ ਨੇ ਸੰਗੀਤ ਉਤੇ ਆਪਣੇ ਅਧਿਕਾਰ ਤੇ ਗਿਆਨ ਦਾ ਉਪਯੋਗ ਕਰਕੇ ਇਸ ਲੇਖ ਨੂੰ ਸਾਂਭਣ ਯੋਗ ਬਣਾ ਦਿਤਾ ਹੈ। ਪਹਿਲੀ ਵਾਰ ਕਿਸੇ ਕੀਰਤਨੀਏ ਸੰਗੀਤਕਾਰ ਵਿਦਵਾਨ ਦੀ ਲਿਖਤ ਵਿੱਚ ਸ਼ਬਦ ਦੇ ਦੋਹਾਂ ਪੱਖਾਂ ਨਿਰਗੁਣ(ਨਾਦ) ਅਤੇ ਸਰਗੁਣ (ਬਾਣੀ-ਉਪਦੇਸ਼) ਦੇ ਸਾਂਝੇ ਆਕਲਨ ਕੀਰਤਨ-ਸ਼ਬਦ ਨੂੰ ਵਰਤੇ ਬਗੈਰ ਕੀਤਾ ਹੈ। ਸੰਕੀਰਤਨ ਦਾ ਸ਼ਾਸਤ੍ਰੀ ਰੂਪ ਭਗਤੀ ਲਹਿਰ ਨਾਲ ਮੰਦਿਰਾਂ ਵਿੱਚੋਂ ਹੀ ਚਲਿਆ। ਸ਼ਾਸਤ੍ਰੀ ਸੰਗੀਤ ਦੇ ਗਿਆਨ ਅਭਾਵ ਵਿੱਚ ਲੋਕ ਪ੍ਰਚਲਿਤ ਰੂਪ ਕਿਸੇ ਇੱਕ ਤੁਕ ਨੂੰ ਹੀ ਬਾਰ ਬਾਰ ਵੱਖ ਵੱਖ ਰੂਪ ਗਾਉਣ ਦਾ ਪ੍ਰਚਲਨ ਅਜ ਵੀ ਵੇਖਿਆ ਜਾ ਸਕਦਾ ਹੈ। ਮੁਸਲਮਾਨ ਸੂਫੀ ਫਕੀਰਾਂ ਨੇ ਵੀ ਅੱਲਾ ਹੂ ਅੱਲਾ ਦੇ ਨਾਦੀਆ ਕਲਾਮ ਦਾ ਰਾਹ ਫੜਿਆ ਸੀ ਅਮੀਰ ਖੁਸਰੋ ਜੀ ਦੇ ਸਮੇਂ ਕਵਾਲੀਆਂ ਇਹ ਨਾਦੀਆ ਕਲਾਮ ਦੇ ਰੂਪ ਵਿੱਚ ਪ੍ਰਸਿੱਧ ਹੋਇਆ। ਸਿੱਖ ਧਰਮ ਦੀ ਸ਼ੁਰੂਆਤ ਹੀ ਬਾਣੀ ਤੇ ਰਬਾਬ ਦੇ ਸੰਜੋਗ ਵਿੱਚੋਂ ਹੋਈ। ਸਮੇਂ ਦੇ ਚੱਕਰ ਵਿੱਚ ਜੋਟੀਆਂ ਦਾ ਕੀਰਤਨ ਅਤੇ ਅਤੇ ਹੋਰ ਲੋਕ ਪਰਾਇਣ ਧੁਨਾਂ ਵਿੱਚ ਕੀਰਤਨ ਕਰਨ ਦਾ ਮਾਨਸਿਕ ਮਨੋਰੰਜਨ ਪ੍ਰਚਿਲਤ ਹੋਇਆ। ਹਾਰਮੋਨੀਅਮ ਤੇ ਉਂਗਲਾਂ ਚਲਾਉਣ ਦੀ ਸੁਵਿਧਾ ਨਾਲ ਸ਼ਾਸਤ੍ਰੀ ਵਿਧਾ ਦੀ ਥਾਂ ਸੁਗਮ ਸੰਗੀਤ ਪ੍ਰਧਾਨ ਹੋ ਕੇ ਗੁਰੂਧਾਮਾਂ ਵਿੱਚ ਹੀ ਛਾ ਗਿਆ ਹੈ। ਸ਼ਾਸਤ੍ਰੀ ਗੁਰਮਤਿ ਸੰਗੀਤ ਦੀ ਅਗਿਆਨਤਾ ਵਿੱਚ ਨਾਦ ਰੂਪੀ ਮੂਲ ਸ੍ਰਿਸ਼ਟੀ ਸੰਚਾਲਕ ਸੰਗੀਤ ਦੀ ਸਾਰਭੌਮਿਕਤਾ ਭੁੱਲ ਕੇ ਗੁਰਬਾਣੀ ਨੂੰ ਪ੍ਰਮੁਖਤਾ ਦੇਣ ਦਾ ਬਹਾਨਾ ਬਣਾ ਲਿਆ ਗਿਆ। ਸ਼ਬਦ ਤੇ ਸਾਜ਼ ਦੇ ਸਾਂਝੇ ਸੰਜੋਗ ਦਾ ਪ੍ਰਭਾਵ ਕੀਰਤਨ ਅਪਾਹਿਜ ਕਰ ਦਿੱਤਾ ਗਿਆ। ਭਾਸ਼ਾ ਵੀ ਬੰਧਨ ਹੈ ਜਦ ਕਿ ਨਾਦ ਤ੍ਰਿਲੋਕੀ ਦੀ ਭਾਸ਼ਾ ਹੈ ਜਿਸ ਦੇ ਬਾਰੇ ਇੱਕ ਗੰਭੀਰ ਲੇਖ ਲਿਖਣ ਦੀ ਵਧਾਈ-ਸਾਧਨਵਾਦ।

ਕਰਤਾਰ ਸਿੰਘ ਨੀਲਧਾਰੀ-ਮੁਬਾਈਲ-9888213360, 094171 43360

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਕਰਉ ਬੇਨੰਤੀਆ

## ਭਾਈ ਸਾਹਿਬ ਰਈਸ ਬਾਗੜੀਆਂ

ਡਾ. ਰਵਿੰਦਰ ਕੌਰ ਰਵੀ ਅਸਿਸਟੈਂਟ ਪ੍ਰੋਫੈਸਰ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਸੰਪਾਦਕ ਕੀਤੀ ਗਈ ਪੁਸਤਕ ਸੰਖੇਪ **'ਇਤਿਹਾਸ ਖਾਨਦਾਨ ਭਾਈ ਸਾਹਿਬ ਰਈਸ ਬਾਗੜੀਆਂ'** ਪ੍ਰਾਪਤ ਹੋਈ। ਇਸ ਪੁਸਤਕ ਨੂੰ ਵਾਚਦੇ ਸਮੇਂ ਇਸ ਵਿਚੋਂ ਕੁਝ ਤਸਵੀਰਾਂ ਵੇਖੀਆਂ ਤੇ ਪੁਰਾਣੀਆਂ ਯਾਦਾਂ ਤਾਜ਼ਾ ਹੋ ਗਈਆਂ।

ਭਾਈ ਸਾਹਿਬ ਭਾਈ ਅਰਦਮਨ ਸਿੰਘ ਬਾਗੜੀਆਂ ਜੀ ਦੇ ਦਰਸ਼ਨ ਪਹਿਲੀ ਵਾਰ ਸ਼ਿਮਲੇ ਕੀਤੇ ਸਨ। ਸ: ਜੋਗਿੰਦਰ ਸਿੰਘ ਮਾਨ ਤਲਾਣੀਆਂ, ਫਹਿਤਗੜ੍ਹ ਸਾਹਿਬ ਵਾਲੇ ਮੇਰੇ ਪਿਤਾ ਜੀ ਭਾਈ ਉੱਤਮ ਸਿੰਘ ਪਤੰਗ ਦੇ ਰਾਗੀ ਜੱਥੇ ਦਾ ਬਹੁਤ ਸਤਿਕਾਰ ਕਰਦੇ ਸਨ। ਮੈਂ ਉਦੋਂ ਪਿਤਾ ਜੀ ਨਾਲ ਹੀ ਸਹਾਇਕ ਰਾਗੀ ਵਜੋਂ ਕੀਰਤਨ ਕਰਦਾ ਸਾਂ। ਸ: ਸਿਮਰਨਜੀਤ ਸਿੰਘ ਮਾਨ ਦੇ ਆਨੰਦ ਕਾਰਜ 'ਤੇ ਕੀਰਤਨ ਕਰਨ ਲਈ ਸਾਡਾ ਰਾਗੀ ਜੱਥਾ ਸ਼ਿਮਲੇ ਬਾਰਾਤ ਨਾਲ ਗਿਆ ਸੀ। ਉਥੇ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ। ਇਹ ਪੂਰਾ ਕੀਰਤਨ ਭਾਈ ਅਰਦਮਨ ਸਿੰਘ ਬਾਗੜੀਆਂ ਜੀ ਨੇ ਇਕ ਚੌਂਕੜੇ 'ਤੇ ਬੈਠ ਕੇ ਸਰਵਣ ਕੀਤਾ। ਸੁਭਾਗ ਜੋੜੀ ਨੂੰ ਸਿੱਖਿਆ ਦੇਣ ਸਮੇਂ ਭਾਈ ਸਾਹਿਬ ਨੇ ਸਾਡੇ ਕੀਰਤਨ ਦੀ ਪ੍ਰਸ਼ੰਸਾ ਕੀਤੀ। ਸਿੰਘ ਸਭਾ ਸ਼ਤਾਬਦੀ ਕਾਨਫਰੰਸ ਜੋ ਪਟਿਆਲਾ ਵਿਖੇ ਹੋਈ ਸੀ, ਉਦੋਂ ਉਸ ਦੀ ਆਰੰਭਤਾ ਸਮੇਂ ਦਾਸ ਨੇ ਕੀਰਤਨ ਕੀਤਾ ਸੀ। ਇਸ ਸਮੇਂ ਵੀ ਭਾਈ ਸਾਹਿਬ ਜੀ ਨੇ ਮੈਨੂੰ ਅਸੀਸ ਦਿੱਤੀ ਸੀ। ਫਿਰ ਜਦੋਂ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਮਨਾਉਣ ਹਿੱਤ ਇਕ ਕੀਰਤਨ ਸਬ ਕਮੇਟੀ ਬਣਾਈ ਸੀ, ਉਸ ਵਿਚ ਮੈਂ ਮੈਂਬਰ ਸੀ ਅਤੇ ਭਾਈ ਸਾਹਿਬ ਉਸ ਕਮੇਟੀ ਦੇ ਪ੍ਰਧਾਨ ਸੀ, ਉਦੋਂ ਵੀ ਉਹਨਾਂ ਦੇ ਅਮੁੱਲ ਵਿਚਾਰ ਸਰਵਣ ਕਰਨ ਦਾ ਮੌਕਾ ਮਿਲਦਾ ਰਿਹਾ। ਭਾਈ ਸਾਹਿਬ ਬਾਗੜੀਆਂ ਪਾਸੋਂ ਪ੍ਰਾਪਤ ਹੋਈਆਂ ਅਸੀਸਾਂ ਸਦਕਾ ਹੀ ਅਕੈਡਮੀ ਆਫ ਸਿੱਖ ਰਿਲੀਜ਼ਨ ਕਲਚਰ ਪਟਿਆਲਾ ਵੱਲੋਂ ਭਾਈ ਅਸ਼ੋਕ ਸਿੰਘ ਜੀ ਨੇ 1992 ਵਿਚ ਮੈਨੂੰ ਭਾਈ ਸਾਹਿਬ ਭਾਈ ਅਰਦਮਨ ਸਿੰਘ ਬਾਗੜੀਆਂ ਐਵਾਰਡ ਦੇ ਕੇ ਸਨਮਾਨਤ ਕੀਤਾ ਗਿਆ। ਇਸ ਕਰਕੇ ਇਸ ਪੁਸਤਕ ਨਾਲ ਲਗਾਉ ਜਿਹਾ ਮਹਿਸੂਸ ਹੋਣ ਲੱਗ ਪਿਆ।

ਇਸ ਪੁਸਤਕ ਵਿਚ ਗੁਰਮਤਿ ਸੰਗੀਤ ਸੰਬੰਧੀ ਦੋ ਮਹਾਂਪੁਰਖਾਂ ਦੇ ਵਿਚਾਰ ਵਾਚਣਯੋਗ ਹਨ। 27ਵੀਂ ਸਿੱਖ ਐਜੂਕੇਸ਼ਨ ਕਾਨਫਰੰਸ ਦੇ ਮੌਕੇ 'ਤੇ ਭਾਈ ਅਰਜਨ ਸਿੰਘ ਜੀ ਬਾਗੜੀਆਂ ਨੇ ਆਪਣੀ ਸਪੀਚ ਵਿਚ ਫੁਰਮਾਇਆ : ਗੁਰਮਤ ਸੰਗੀਤ ਵਿਦਿਆ ਵਿਖੇ ਭੀ ਸਾਨੂੰ ਧਿਆਨ ਦੇਣ ਦੀ ਖਾਸ ਜ਼ਰੂਰਤ ਹੈ। ਸੰਗੀਤ ਸਿੱਖ ਧਰਮ ਦਾ ਜ਼ਰੂਰੀ ਹਿੱਸਾ ਹੈ, ਰਾਗ ਦਾ ਅਰਥ ਹੀ ਪ੍ਰੇਮ ਹੈ, ਇਹ ਸ਼ੁਭ ਅਤੇ ਉੱਤਮ ਵਿੱਦਿਆ ਮਨ ਦੀ ਲੜੀ ਸਿਰਜਨਹਾਰ ਨਾਲ ਜੋੜਦੀ ਹੈ, ਏਸ ਦਾ ਫਲ ਹੀ ਸਮਾਧੀ ਤਥਾ ਸ਼ਾਂਤੀ ਹੈ।

ਜਦੋਂ ਭੈੜੀਆਂ ਭੈੜੀਆਂ ਗਜ਼ਲਾਂ ਰਾਗ ਦੀ ਰੰਗਤ ਹੋਣ ਕਰਕੇ ਬੜੇ ਬੜੇ ਮਹਾਨ ਪੁਰਸ਼ਾਂ ਦੀਆਂ ਬਿਰਤੀਆਂ ਉਖੇੜ ਦਿੰਦੀਆਂ ਹਨ, ਤਾਂ ਕੋਈ ਵਜ੍ਹਾ ਨਹੀਂ ਜੋ ਹਰੀ ਦਾ ਕੀਰਤਨ ਰਾਗ ਨਾਲ ਰੰਗਿਆ ਹੋਇਆ ਮਨ ਕਰਤਾਰ ਦੇ ਚਰਨਾਂ ਵਿਚ ਨਾ ਜੋੜ ਦੇਵੇ, ਜਦੋਂ ਰਾਗ ਦਾ ਅਲਾਪ ਸਾਰੇ ਉਸ ਰਾਗ ਵਿਚ ਠਾ ਬੰਨ੍ਹਦਾ ਹੈ ਤਾਂ ਗਿਆਤਵਾਨ ਪੁਰਸ਼ ਦੇ

ਮਨ ਨੂੰ ਉਹ ਆਨੰਦ ਆਉਂਦਾ ਹੈ ਜੋ ਕਥਨ ਤੋਂ ਪਰੇ ਹੈ। ਤਾਂਹੀ ਤਾਂ ਫੁਰਮਾਇਆ ਹੈ:

ਗੁਨ ਗੋਬਿੰਦ ਗਾਇਓ ਨਹੀਂ ਜਨਮ ਅਕਾਰਥ ਕੀਨ॥

ਤਥਾ–

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥

ਗੁਰੂ ਸਾਹਿਬਾਂ ਨੇ ਤੰਤੀ ਸਾਜ਼ਾਂ ਨੂੰ ਇਹ ਪ੍ਰੇਮ ਭਾਵ ਪਰਗਟ ਕਰਨ ਵਾਸਤੇ ਵਰਤਿਆ। ਸਾਰੰਦਾ ਤੇ ਰਬਾਬ ਆਦਿਕ ਸਭ ਦੀਵਾਨਾਂ ਵਿਚ ਤੰਤੀ ਸਾਜ ਵਰਤੇ ਜਾਂਦੇ ਹਨ, ਪਰ ਹੁਣ ਤਾਂ ਸਿੱਖ ਇਹਨਾਂ ਦੀ ਸ਼ਕਲ ਤੋਂ ਭੀ ਜਾਣੂੰ ਨਹੀਂ ਰਹੇ।

ਸਤਿਗੁਰਾਂ ਤੋਂ ਪਹਿਲਾਂ ਰਾਗ ਬੜੇ ਗੰਦੇ ਗੀਤਾਂ ਨਾਲ ਭਰਪੂਰ ਹੋ ਕੇ ਭਲੇ ਪੁਰਸ਼ਾਂ ਦੇ ਸੁਣਨ ਯੋਗ ਹੀ ਨਹੀਂ ਰਿਹਾ ਸੀ। ਸਫੈਦ ਦਾੜ੍ਹੀ ਵਾਲੇ ਤਾਂ ਪਾਸ ਖੜੋਣੋਂ ਭੀ ਸ਼ਰਮ ਖਾਦੇ ਸਨ, ਠੀਕ ਹੀ ਕਿਹਾ ਹੈ ਕਿ:

ਰਾਗ ਵਿੱਦਿਆ ਜੋ ਅਤਿ ਭਾਰੀ।

ਲੋਪ ਹੋਇ ਜਾਤੀ ਜਗ ਸਾਰੀ।

ਨਟਨ ਪਟਨ ਗਨਕਾ ਕੇ ਨੈਰਾ।

ਜਾਇ ਲਗਾਤੀ ਆਪਨੋ ਡੇਰਾ।

ਹੈ ਯਿਹ ਪੰਚਮ ਗੁਰ ਉਪਕਾਰਾ।

ਦੀਓ ਹਮੇਂ ਇਹ ਰਾਗ ਭੰਡਾਰਾ।

ਜਿਸੇ ਸੁਨਨ ਕੇ ਸਭ ਅਧਿਕਾਰੀ।

ਬ੍ਰਿਧ ਤਰਨ ਔਰ ਨਰ ਕੇ ਨਾਰੀ।

ਗੁਰਬਾਣੀ ਸਾਰੀ ਹੀ ਰਾਗ ਵਿਚ ਵਰਣਨ ਹੈ, ਸਿੱਖ ਧਰਮ ਵਿਚ ਈਸ਼ਵਰ ਦੀ ਪ੍ਰਾਪਤੀ ਦਾ ਸਾਧਨ ਹੀ ਕੇਵਲ ਰਾਗ ਤਥਾ ਪ੍ਰੇਮ ਹੈ।ਹੁਣ ਸ਼ੁਧ ਰਾਗ ਲੋਪ ਹੋ ਰਿਹਾ ਹੈ। ਸ਼ਬਦਾਂ ਨੂੰ ਦੱਸੇ ਹੋਏ ਰਾਗਾਂ ਵਿਚ ਪੜ੍ਹਨ ਦੇ ਅਸਮਰੱਥ ਹੋਣ ਕਰਕੇ ਬਾਹਰੋਂ ਅਸਥਾਈਆਂ ਅਤੇ ਧਾਰਨਾਂ ਲਗਾ ਕੇ ਸ਼ਬਦਾਂ ਦੇ ਅਰਥ ਨੂੰ ਅਨਰਥ ਬਣਾ ਰਹੇ ਹਨ। ਸ਼ਬਦਾਂ ਦੀ ਅਸਲ ਅਸਥਾਈ ਅਕਸਰ ਕਰਕੇ ਰਹਾਉ ਤੋਂ ਪਹਿਲੀ ਤੁਕ ਹੁੰਦੀ ਹੈ। ਪੁਰਾਤਨੀ ਧਾਰਨਾ, ਰੀਤਾਂ ਨਾਲ ਪੜ੍ਹਨ ਅਤੇ ਗਾਇਨ ਕਰਨ ਵਾਲੇ ਬਹੁਤ ਥੋੜ੍ਹੇ ਰਾਗੀ ਵਿਖਾਈ ਦਿੰਦੇ ਹੈਨ, ਕਈ ਮਹਾਰਾਜ ਜੀ ਦੇ ਰਾਗ ਹੀ ਸਾਡੀ ਅਨਗਹਿਲੀ ਕਰਕੇ ਲੋਪ ਹੋ ਗਏ ਹਨ। ਸਾਨੂੰ ਉਪਰਾਲਾ ਕਰਕੇ ਸ਼ੁੱਧ ਅਤੇ ਠੀਕ ਰਾਗਾਂ ਵਿਚ ਸ਼ਬਦਾਂ ਨੂੰ ਗਾਇਨ ਕਰਨ ਦੀ ਕੋਸ਼ਿਬ ਕਰਨੀ ਚਾਹੀਦੀ ਹੈ ਅਤੇ ਚੰਗੇ ਗੁਣੀ ਪੁਰਾਤਨੀ ਧਾਰਨਾ ਅਤੇ ਰੀਤਾਂ ਅਨੁਸਾਰ ਸ਼ਬਦ ਗਾਇਨ ਕਰਨ ਵਾਲਿਆਂ ਦੇ ਹੌਂਸਲੇ ਵਧਾਉਣੇ ਚਾਹੀਦੇ ਹਨ, ਤਾਂਕਿ ਉਹ ਹੋਰ ਯਤਨ ਕਰਕੇ ਇਸ ਮਨੋਰਥ ਨੂੰ ਪੂਰਣ ਕਰਨ।(ਪੰਨਾ 43-44)

ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਆਪਣੇ ਇੱਕੀਵੀਂ ਸਿੱਖ ਐਜੂਕੇਸ਼ਨ ਕਾਨਫਰੰਸ ਵਿਚ ਜੋ ਭਾਸ਼ਨ ਦਿੱਤਾ ਉਸ ਵਿਚ ਉਹਨਾਂ ਗੁਰਮਤਿ ਸੰਗੀਤ ਸੰਬੰਧੀ ਕਥਨ ਕੀਤਾ ਹੈ:

ਹੁਣ ਮੈਂ ਆਪ ਦਾ ਧਿਆਨ ਪੰਜਵੇਂ ਸਤਿਗੁਰੂ ਜੀ ਦੀ ਪ੍ਰਚਾਰੀ ਸੰਗੀਤ ਵਿਦਯਾ ਵੱਲ ਦਿਵਾਉਨਾ ਹਾਂ।

ਸੱਜਨੋ ! ਰਾਗ ਵਿਦਯਾ ਸਿੱਖੀ ਦਾ ਅੰਗ ਹੈ। ਗੁਰਵਾਕ ਹੈ:

"ਗੁਣ ਗੋਵਿੰਦ ਗਾਵਹੁ ਸਭਿ ਹਰਿਜਨ !

ਰਾਗ ਰਤਨ ਰਸਨਾ ਆਲਾਪ ॥ "

ਅਸੀਂ ਹੁਣ ਗੁਰਮਤ ਸੰਗੀਤ ਤੋਂ ਅਣਜਾਣ ਹੋ ਰਹੇ ਹਾਂ, ਪੁਰਾਣੇ ਰਾਗੀ, ਰਬਾਬੀ, ਛੰਤ ਛੱਕੇ ਪਉੜੀਆਂ ਅਤੇ ਉਨ੍ਹਾਂ ਦਾ ਉਥਾਨ, ਪੜਤਾਲ ਆਦਿ ਜਿਸ ਧਾਰਨਾ ਵਿਚ ਗਾਇਆ ਕਰਦੇ ਸਨ, ਹੁਣ ਉਹ ਬਹੁਤ ਘੱਟ ਸੁਣਨ ਵਿਚ ਆਉਂਦਾ ਹੈ। ਬਹੁਤ ਧਾਰਣਾ ਆਮ ਪ੍ਰਚਲਿਤ ਗੀਤਾਂ ਤੋਂ ਲਈਆਂ ਜਾਂਦੀਆਂ ਹਨ। ਹਾਰਮੋਨੀਅਮ ਵਾਜੇ ਨੇ ਰਾਗ ਨੂੰ ਭਾਰੀ ਹਾਨੀ ਪਹੁੰਚਾਈ ਹੈ, ਕਿਉਂਕਿ ਉਸ ਵਿਚ ਸੁਰਾਂ ਦਾ ਵਿਭਾਗ ਸ਼ਰੁਤੀ ਨਹੀਂ ਹੈ, ਜਿਸ ਬਿਨਾਂ ਰਾਗ ਦਾ ਸ਼ੁੱਧ ਅਲਾਪ ਨਹੀਂ ਹੋ ਸਕਦਾ।

ਤਾਨ ਲੈਣ ਦੇ ਨਿਯਮਾਂ ਤੋਂ ਭੀ ਸਾਡੇ ਅਨੇਕ ਰਾਗੀ ਘੱਟ ਵਾਕਿਫ ਹਨ, ਜਿਸ ਤਰ੍ਹਾਂ ਪਾਠ ਕਰਨ ਵੇਲੇ ਲਘੂ ਅੱਖਰ ਤੇ ਲੰਮਾ ਸੁਰ ਕੱਢਣਾ ਵਰਜਿਤ ਹੈ, ਇਸੇ ਤਰ੍ਹਾਂ ਲਘੂ ਅੱਖਰ ਤੇ ਤਾਨ ਲੈਣੀ ਸੰਗੀਤ ਸ਼ਾਸਤਰ ਦੇ ਵਿਰੁਧ ਹੈ, ਪਰ ਅਸੀਂ ਇਸ ਨਿਯਮ ਨੂੰ ਨਿੱਤ ਭੰਗ ਹੋਇਆ ਵੇਖਦੇ ਹਾਂ।

ਚਿਮਟੇ ਅਤੇ ਖੜਤਾਲਾਂ ਨੇ ਜੋ ਰਾਗ ਵਿਦਯਾ ਨੂੰ ਭੈਭੀਤ ਕੀਤਾ ਹੈ ਉਸਦਾ ਜਿਕਰ ਤਾਂ ਇਕ ਪਾਸੇ ਰਿਹਾ, ਇਸ ਕੜਕੁੱਟ ਵਿਚ ਗੁਰਬਾਣੀ ਦੇ ਚੰਗੇ ਪਾਠੀਏ ਭੀ ਮਾਲੂਮ ਨਹੀਂ ਕਰ ਸਕਦੇ ਕਿ ਇਹ ਕਿਹੜਾ ਸ਼ਬਦ ਗਾਇਆ ਜਾ ਰਿਹਾ ਹੈ। ਜੇ ਸ਼ਬਦ ਦੀ ਸੋਝੀ ਨਾ ਪਈ ਤਦ ਕੀਰਤਨ ਦਾ ਕੀ ਆਨੰਦ?

ਗੁਰਬਾਣੀ ਵਿਚ ਸਾਫ ਦੱਸੀ ਰਹਾਉ ਦੀ ਤੁਕ ਛੱਡਕੇ ਘਰ ਦੀ ਮਿਲਾਈ ਟੇਕ ਨੇ ਮਨਮਤ ਪ੍ਰਚਾਰ ਦਾ ਮੁੱਢ ਬੰਨ੍ਹ ਦਿੱਤਾ ਹੈ। ਮੇਰੇ ਦੇਖਦੇ ਇਕ ਅੱਖਰ ਭੀ ਗੁਰਬਾਣੀ ਨਾਲ ਵਾਧੂ ਮਿਲਾਉਣ ਵਾਲਾ ਕੰਨੋਂ ਫੜਕੇ ਗੁਰਦਵਾਰੇ ਤੋਂ ਬਾਹਰ ਕੀਤਾ ਜਾਂਦਾ ਸੀ, ਹੁਣ ਕੌਮ ਦੇ ਮੁਖੀਏ ਮਨੋਕਲਪਤ ਕੀਰਤਨ ਦੀ ਦਾਦ ਦਿੰਦੇ ਵੇਖੀਦੇ ਹਨ। (ਪੰਨਾ 149)

ਇਸ ਤਰ੍ਹਾਂ ਭਾਈ ਕਾਨ੍ਹ ਸਿੰਘ ਨਾਭਾ ਦੀ ਆਖਰੀ ਅਪ੍ਰਕਾਸ਼ਤ ਰਚਨਾ ਸੰਖੇਪ ਇਤਿਹਾਸ ਖਾਨਦਾਨ ਭਾਈ ਸਾਹਿਬ ਰਈਸ ਬਾਗੜੀਆਂ ਨੂੰ ਪ੍ਰਕਾਸ਼ਤ ਕਰਕੇ ਰਵਿੰਦਰ ਕੌਰ ਰਵੀ ਨੇ ਸਿੱਖ ਸਾਹਿਤ ਵਿਚ ਇਕ ਮਹੱਤਵਪੂਰਨ ਯੋਗਦਾਨ ਪਾਇਆ ਹੈ।

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਗੁਰੂ ਨਾਨਕ ਬਾਣੀ: ਸੰਗੀਤਾਤਮਿਕ ਵਿਸ਼ਲੇਸ਼ਣ

**ਡਾ. ਹਰਜਸ ਕੌਰ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੂਰਵਕਾਲੀਨ, ਸਮਕਾਲੀਨ, ਧਾਰਮਿਕ, ਸਮਾਜਿਕ, ਰਾਜਨੀਤਕ ਹਾਲਾਤਾਂ ਨੂੰ ਸੂਖਸ਼ਮ ਨੀਝ,ਗਹਿਰੇ ਚਿੰਤਨ ਅਤੇ ਬੋਧ ਉਪਰੰਤ, ਉਨ੍ਹਾਂ ਦੇ ਫ਼ਲਸਫ਼ੇ ਨੂੰ ਭਲੀ-ਭਾਂਤ ਪਛਾਣਦਿਆਂ ਇਕ ਨਵੀਨ ਅਤੇ ਮੌਲਿਕ ਅਧਿਆਤਮਿਕ/ਧਾਰਮਿਕ ਚਿੰਤਨ ਦੇ ਨਵੀਨ ਪੰਥ ਦੀ ਸਥਾਪਨਾ ਕੀਤੀ ਜੋ ਸਿਖ ਧਰਮ ਨਾਲ ਪ੍ਰੱਚਲਿਤ ਹੋਇਆ। ਸਿਖ ਧਰਮ ਵਿਚ ਬਾਣੀ ਅਤੇ ਸੰਗੀਤ ਦੇ ਸਮੇਲ ਨੂੰ ਇਕ ਵਿਸ਼ਿਸ਼ਟ ਸੰਚਾਰ ਮਾਧਿਅਮ ਵਜੋਂ ਸਵੀਕਾਰਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਅਤੇ ਸੰਗੀਤ ਨੂੰ ਸੰਯੁਕਤ ਅਤੇ ਸੰਮਿਲਿਤ ਰੂਪ ਵਿਚ ਪ੍ਰਯੋਗ ਕੀਤਾ ਹੈ,ਜਿਸ ਨੂੰ ਸ਼ਬਦ-ਕੀਰਤਨ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਸ਼ਬਦ-ਕੀਰਤਨ ਦੇ ਇਸ ਸੱਮੁਚੇ ਵਿਧੀ ਵਿਧਾਨ ਅਤੇ ਪ੍ਰਸਤੁਤੀ ਪ੍ਰਕ੍ਰਿਆ ਨੂੰ 'ਗੁਰਮਤਿ ਸੰਗੀਤ'ਵਜੋਂ ਜਾਣਿਆ ਜਾਂਦਾ ਹੈ। ਸਿਖ ਧਰਮ ਗੁਰਮਤਿ ਸੰਗੀਤ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਕੋਲ ਇਕ ਪ੍ਰਮਾਣਿਕ ਸਰੋਤ ਵਜੋਂ ਵਿਦਮਾਨ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਵਿਚਲੇ ਸੰਕੇਤਾਂ,ਸਿਰਲੇਖਾਂ ਤੋਂ ਗੁਰਮਤਿ ਸੰਗੀਤ ਦੇ ਅਧਾਰਭੂਤ ਤੱਤਾਂ ਦੀ ਨਿਸ਼ਾਨਦੇਹੀ ਪ੍ਰਾਪਤ ਹੁੰਦੀ ਹੈ। ਗੁਰਮਤਿ ਸੰਗੀਤ ਦੀ ਉਤਪਤੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸਿਰਜਣ ਪ੍ਰਕ੍ਰਿਆ ਤੋਂ ਜਾਣਿਆ ਜਾ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਉਸ ਖਸਮ ਦਾ ਢਾਡੀ[1],ਦੂਤ[2],ਸਾਇਰ[3] ਆਖਦਿਆਂ ਉਸ ਖਾਲਕ ਦੇ ਆਦੇਸ਼[4] ਨੂੰ ਸਰਬ ਲੋਕਾਈ ਤਕ ਸੰਚਾਰਿਤ ਕਰਨ ਲਈ ਸ਼ਬਦ-ਕੀਰਤਨ ਨੂੰ ਮਾਧਿਅਮ ਬਣਾਇਆ। ਇਸ ਸ਼ਬਦ-ਕੀਰਤਨ ਵਿਚ ਸੰਗੀਤ ਦੁਆਰਾ ਖਸਮ ਦੀ ਬਾਣੀ[5] ਨੂੰ ਲੋਕਾਂ ਤਕ ਪਹੁੰਚਾਉਣ ਲਈ ਮੌਲਿਕ ਅਤੇ ਵਿੱਲਖਣ ਰੂਪ ਵਿਚ ਇਸਤੇਮਾਲ ਕੀਤਾ ਗਿਆ ਹੈ। ਆਪ ਜੀ ਦੀ ਬਾਣੀ ਦੀ ਆਮਦ ਅਤੇ ਬਾਣੀ ਦੀ ਪ੍ਰਸਤੁਤੀ ਦੋਹਾਂ ਵਿਚ ਸੰਗੀਤ ਦਾ ਖ਼ਾਸ ਸਥਾਨ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਦੀ ਪ੍ਰਸਤੁਤੀ ਲਈ ਸੰਗੀਤ ਦਾ ਸਾਥ ਕਰਨ ਲਈ ਭਾਈ ਮਰਦਾਨੇ ਨੂੰ ਅਪਣਾ ਸੰਗੀ ਚੁਣਿਆ। ਭਾਈ ਮਰਦਾਨਾ ਜੀ ਗੁਰਮਤਿ ਸੰਗੀਤ ਪਰੰਪਰਾ ਦੇ ਆਚਾਰੀਆ ਹੋਏ ਹਨ। ਭਾਈ ਮਰਦਾਨਾ ਜੀ ਉਸ ਸਮੇ ਦੇ ਉੱਚ-ਕੋਟੀ ਦੇ ਰਬਾਬ ਵਾਦਕ ਸਨ ਜਿਨ੍ਹਾਂ ਦੇ ਰਬਾਬ ਵਾਦਨ ਬਾਰੇ ਭਾਈ ਗੁਰਦਾਸ ਜੀ ਨੇ ਕਿਹਾ ਹੈ:

- ਭਲਾ ਰਬਾਬ ਵਜਾਇੰਦਾ,ਮਜਲਸ ਮਰਾਸੀ ਮਰਦਾਨਾ॥
- ਇਕਿ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ॥
  ਦਿਤੀ ਬਾਂਗ ਨਿਮਾਜਿ ਕਰ ਸੁੰਨ ਸਮਾਨਿ ਹੋਆ ਜਹਾਨਾ॥ [7]

ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਸ਼ਬਦ ਦਾ ਗਾਇਨ ਕਰਦੇ ਤਾਂ ਭਾਈ ਮਰਦਾਨਾ ਜੀ ਰਬਾਬ ਦੁਆਰਾ ਉਨ੍ਹਾਂ ਦੀ ਸੰਗਤ ਕਰਦੇ। ਭਾਈ ਮਰਦਾਨਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਭ ਤੋਂ ਵੱਧ ਸਾਥ ਨਿਭਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਜੀ ਨੂੰ ਬਖ਼ਸ਼ਿਸ਼ ਕਰਦਿਆਂ ਕਿਹਾ ਸੀ, " ਮਰਦਾਨਿਆ ਜਿਥੇ ਤੇਰਾ ਵਾਸਾ,ਉਥੇ ਮੇਰਾ ਵਾਸਾ" ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਫਿਰੰਦਾ( ਜੋ ਭਾਈ ਫ਼ੇਰੂ ਦੇ ਨਾਮ ਤੋਂ ਵੀ ਪ੍ਰਸਿੱਧ ਸੀ) ਕੋਲੋਂ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਰਬਾਬ ਬਣਵਾਇਆ। ਇਹ ਵੀ ਕਿਹਾ ਜਾਂਦਾ ਹੈ ਕਿ ਭਾਈ ਮਰਦਾਨਾ ਜੀ ਨੇ ਭਾਈ ਫਿੰਰਦਾ ਜੀ ਕੋਲੋਂ ਰਾਗ ਵਿਦਿਆ ਦੀ ਸਿੱਖਿਆ ਲਈ।[8]

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭਾਈ ਮਰਦਾਨੇ ਨੂੰ ਇਕ ਸਾਥੀ ਵਜੋਂ ਚੁਣਨਾ ਅਤੇ ਪ੍ਰਥਮ ਉਦਾਸੀ ਸਮੇਂ ਹੀ ਭਾਈ ਮਰਦਾਨੇ ਲਈ ਇਕ ਵਿਸ਼ੇਸ਼ ਪ੍ਰਕਾਰ ਦਾ ਰਬਾਬ ਤਿਆਰ ਕਰਵਾਉਣਾ ਇਸ ਗਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਅਤੇ ਸੰਗੀਤ ਦੁਆਰਾ ਇਸ ਲੋਕਾਈ ਨੂੰ ਸੋਧਣ ਦੀ ਪ੍ਰਕ੍ਰਿਆ ਆਰੰਭੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਰਜਣ ਪ੍ਰਕ੍ਰਿਆ ਅਤੇ ਸੰਗੀਤ ਦੇ ਗਹਿਰੇ ਸੰਬੰਧ ਦੇ ਅਨੇਕ ਪ੍ਰਮਾਣ ਜਨਮ ਸਾਖੀਆਂ ਵਿਚ ਉਪਲੱਬਧ ਹੁੰਦੇ ਹਨ:

- ਮਰਦਾਨਾ ਤੂੰ ਤਾਰ ਬਜਾਇ॥
  ਸਬਦ ਭਨਿਓ ਕਿਛ ਹਿਤ ਮੇ ਆਇ ॥ (ਜਨਮ ਸਾਖੀ ਸ੍ਰੀ ਗੁਰੂ ਨਾਨਕ ਸ਼ਾਹ ਕੀ,ਸੰਤ ਦਾਸ
  ਛਿਬਰ,ਸੰਪਾ.ਡਾ:ਗੁਰਦੇਵ ਸਿੰਘ,ਪੰਨਾ 126)
- ਤਬ ਬਾਬੇ ਆਖਿਆ 'ਮਰਦਾਨਿਆ, ਸ਼ਬਦ ਚਿਤਿ ਕਰਿ,ਤਉ ਬਾਝੁ
  ਸਿਰ ਨਹੀ ਆਵਦੀ'। ਤਬਿ ਗੁਰੂ ਬਾਬੇ ਆਖਿਆ 'ਮਰਦਾਨਿਆ,ਰਬਾਬ ਵਜਾਏ''।
  (ਭਾਈ ਵੀਰ ਸਿੰਘ, ਸ੍ਰੀ ਗੁਰੂ ਨਾਨਕ ਚਮਤਕਾਰ ਪੁਰਬਾਰਧ ,ਪੰਨਾ 306)
- ਬਾਬੇ ਕਹਿਆ ਮਰਦਾਨਿਆ ਰਬਾਬੁ ਵਜਾਇ ਮਰਦਾਨੇ ਰਬਾਬੁ ਵਜਾਇਆ॥
  ਰਾਗੁ ਆਸਾ ਕੀਤਾ (11) ਬਾਬੇ ਸਬਦੁ ਬੋਲਿਆ॥
  ॥ ਰਾਗ ਆਸਾ ॥
  ''ਜਿਨ ਸਿਰਿ ਸੋਹਨਿ ਪਟੀਆਂ ਮਾਂਗੀ ਪਾਇ ਸੰਧੂਰ॥
  -.-.-.-.-.-.-.-.-.-.-.-.-.-.-.-.-.-.-.-.
  ਜੋ ਤਿਸੁ ਭਾਵੈ ਸੋ ਥੀਐ ਨਾਨਕੁ ਕਿਆ ਮਾਨੁਖ'' ॥
  (ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,ਸੰਪਾ: ਪਿਆਰਾ ਸਿੰਘ,ਪੰਨਾ21)

ਇਨ੍ਹਾਂ ਪ੍ਰਸੰਗਾ ਤੋਂ ਸਪਸ਼ਟ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਾਣੀ ਅਵਤਰਣ ਸਮੇਂ ਸੰਗੀਤ ਇਕ ਮਾਧਿਅਮ ਵਜੋਂ ਆਪ ਮੁਹਾਰੇ ਹੀ ਧੁਨੀਮਾਨ ਹੁੰਦਾ ਹੈ। ਇਥੇ ਸ਼ਬਦ ਅਤੇ ਸੰਗੀਤ ਅਲੱਗ-ਅਲੱਗ ਨਹੀਂ ਜਾਪਦੇ ਸਗੋਂ ਇਹ ਬਾਣੀ ਰੂਪ ਸ਼ਬਦ ਅਤੇ ਸੰਗੀਤ ਦੀ ਸੰਯੁਕਤ/ਸੰਮਿਲਤ ਪੇਸ਼ਕਾਰੀ ਵਜੋਂ ਪ੍ਰਭੂ ਕੀਰਤਨ ਵਜੋਂ ਮੂਰਤੀਮਾਨ ਹੋ ਰਿਹਾ ਹੈ। ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸਿਰਜਣ ਪ੍ਰਕ੍ਰਿਆ ਅਤੇ ਇਸ ਦੀ ਪ੍ਰਥਮ ਪ੍ਰਸਤੁਤੀ ਗੁਰਮਤਿ ਸੰਗੀਤ ਪਰੰਪਰਾ ਦੀ ਉਤਪਤੀ ਦਾ ਕੇਂਦਰੀ ਅਤੇ ਪ੍ਰਥਮ ਸਰੋਤ ਜਾਂ ਬਿੰਦੂ ਹੈ। ਇਸ ਪ੍ਰਕ੍ਰਿਆ ਜਾਂ ਪ੍ਰਸਤੁਤੀ ਨੂੰ ਭਾਈ ਮਰਦਾਨਾ ਜੀ ਅਤੇ ਉਨ੍ਹਾਂ ਦੇ ਰਬਾਬ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁਚੇਤ ਰੂਪ ਵਿਚ ਸਾਧਨ/ਮਾਧਿਅਮ ਵਜੋਂ ਅਪਨਾਇਆ ਹੈ। ਬਾਣੀ ਦੀ ਇਹ ਪ੍ਰਸਤੁਤੀ/ਪੇਸ਼ਕਾਰੀ ਗੁਰਮਤਿ ਸੰਗੀਤ ਦੀ ਉਤਪਤੀ ਦੇ ਪ੍ਰਵਾਹ ਨੂੰ ਹੋਰ ਅਗਾਂਹ ਤੋਰਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਵੀ ਕਿਤੇ ਕਿਸੇ ਨਵੀਨ ਅਸਥਾਨ ਤੇ ਜਾਂਦੇ ਉਥੇ ਸਰਬ ਪ੍ਰਥਮ ਕੀਰਤਨ ਦੀ ਧੁਨੀ ਗੁੰਜਾਰਿਤ ਕਰਦੇ। ਇਸ ਸੰਬੰਧ ਵਿਚ ਵੀ ਅਨੇਕ ਸਾਖੀਆਂ ਉਪੱਲਬਧ ਹੁੰਦੀਆਂ ਹਨ। ਬਾਣੀ ਦੀ ਇਹ ਪ੍ਰਸਤੁਤੀ ਉਸ ਅਸਥਾਨ ਦੇ ਲੋਕਾਂ ਨੂੰ ਉਪਦੇਸ਼ ਦੇਣ ਦੇ ਹਿੱਤ ਵਿਚ ਕੀਤੀ ਜਾਂਦੀ ਸੀ ਤਾਂ ਸੰਚਾਰ ਦਾ ਮਾਧਿਅਮ ਸੰਗੀਤ ਹੀ ਸੀ। ਉਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਗੁਰਮਤਿ ਸੰਗੀਤ ਦੀ ਉਤਪਤੀ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਹੋਈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਾਣੀ ਵਿਚਲੇ ਸੰਗੀਤ ਪ੍ਰਬੰਧ ਦੇ ਵਿਵਿਧ ਰੂਪਾਂ ਤੋਂ ਇਹ ਸਪਸ਼ਟ ਹੈ ਕਿ ਆਪ ਨੇ ਆਪਣੀ ਸੰਗਤ ਸਰੋਤ ਸ਼੍ਰੇਣੀ ਦੇ ਪਧੱਰ 'ਤੇ ਮਾਨਸਿਕਤਾ ਨੂੰ ਮੁੱਖ ਰੱਖ ਕੇ ਸੰਚਾਰ ਦੀਆਂ ਭਿੰਨ-ਭਿੰਨ ਸੰਗੀਤਕ ਇਕਾਈਆਂ ਦਾ ਪ੍ਰਯੋਗ ਕੀਤਾ ਜੋ ਇਸ ਤੱਥ ਨੂੰ ਹੋਰ ਵੀ ਸਪਸ਼ਟ ਕਰਦੇ ਹਨ।

**ਰਾਗ:-**

ਸ਼ਬਦ ਦੀ ਪ੍ਰਸਤੁਤੀ ਦਾ ਇਕ ਮਹੱਤਵਪੂਰਨ ਅਤੇ ਮੁੱਖ ਤੱਤ ਰਾਗ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਨ੍ਹਾਂ ਰਾਗਾਂ ਵਿਚ ਬਾਣੀ ਦਾ ਉਚਾਰਣ ਕੀਤਾ ਹੈ ਉਸ ਦਾ ਵੇਰਵਾ ਇਸ ਪ੍ਰਕਾਰ ਹੈ:-

**ਮੁਖ ਰਾਗ** :-ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਮਲ੍ਹਾਰ, ਪ੍ਰਭਾਤੀ ।

**ਉਪ ਰਾਗ** :-ਗਉੜੀ ਗੁਆਰੇਰੀ, ਗਉੜੀ ਦਖਣੀ, ਗਉੜੀ ਚੇਤੀ, ਗਉੜੀ ਬੈਰਾਗਣਿ,ਗਉੜੀ ਪੂਰਬੀ ਦੀਪਕੀ, ਆਸਾ ਕਾਫ਼ੀ, ਵਡਹੰਸ ਦਖਣੀ, ਸੂਹੀ ਕਾਫ਼ੀ, ਮਾਰੂ ਦਖਣੀ, ਪ੍ਰਭਾਤੀ ਬਿਭਾਸ, ਪ੍ਰਭਾਤੀ ਦਖਣੀ।

ਉਪਰੋਕਤ ਰਾਗਾਂ ਦੇ ਨਾਮ ਤੋਂ ਹੀ ਪਤਾ ਚੱਲ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰੱਚਲਿਤ ਰਾਗਾਂ ਤੋਂ ਬਿਨਾਂ ਅਪ੍ਰੱਚਲਿਤ ਰਾਗਾਂ ਨੂੰ ਵੀ ਬਾਣੀ ਗਾਇਨ ਹਿੱਤ ਪ੍ਰਯੋਗ ਕੀਤਾ। ਜਿਸ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਗੀਤ ਸੰਬੰਧੀ ਸੂਖਸ਼ਮ ਸੂਝ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

**ਦਖਣੀ ਰਾਗ** :- ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਧੁਰ ਕੀ ਬਾਣੀ'ਨੂੰ ਲੋਕਾਂ ਤਕ ਪਹੁੰਚਾਉਣ ਲਈ ਵਿਭਿੰਨ ਸਥਾਨਾਂ ਦਾ ਰਟਨ ਕੀਤਾ ਜੋ ਚਾਰ ਉਦਾਸੀਆਂ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਨ੍ਹਾਂ ਉਦਾਸੀਆਂ ਦੇ ਅੰਤਰਗਤ ਆਪ ਦੱਖਣੀ ਭਾਰਤ ਵੀ ਗਏ ਅਤੇ ਉਥੋਂ ਦੇ ਸਭਿਆਚਾਰ,ਆਚਾਰ,ਵਿਹਾਰ,ਭਾਸ਼ਾ ਅਤੇ ਸੰਗੀਤ ਦਾ ਅਧਿਐਨ ਕੀਤਾ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੱਖਣੀ ਭਾਰਤ ਦੇ ਰਾਗਾਂ ਨੂੰ ਵੀ ਅਪਣੀ ਬਾਣੀ ਦੇ ਗਾਇਨ ਲਈ ਪ੍ਰਯੋਗ ਕੀਤਾ। ਗੁਰੂ ਨਾਨਕ ਬਾਣੀ ਦੇ ਰਾਗਾਂ ਨਾਲ ਅੰਕਿਤ 'ਦਖਣੀ'ਸ਼ਬਦ ਦੱਖਣੀ ਸੰਗੀਤ ਪੱਧਤੀ ਦਾ ਰਾਗ ਸੂਚਕ ਹੈ ਪਰ ਇਨ੍ਹਾਂ ਰਾਗਾਂ ਦਾ ਦੱਖਣੀ ਪੱਧਤੀ ਦੇ ਰਾਗ ਹੋਣ ਸੰਬੰਧੀ ਵਿਦਵਾਨਾਂ ਵਿਚ ਮੱਤਭੇਦ ਪਾਏ ਜਾਂਦੇ ਹਨ। ਫਰੀਦਕੋਟੀ ਟੀਕਾ ਵਿਚ ਦੱਖਣੀ ਨੂੰ ਰਾਗ ਨਾਂ ਮੰਨਦੇ ਹੋਏ ਛੰਦ ਦੀ ਚਾਲ ਦਾ ਨਾਮ ਦਿਤਾ ਗਿਆ ਹੈ । ਡਾ:ਦਵਿੰਦਰ ਸਿੰਘ ਵਿਦਿਆਰਥੀ ਅਨੁਸਾਰ "ਜੇਕਰ ਦਖਣੀ ਸ਼ਬਦ ਮਹਲਾ ੧ ਆਇਆ ਹੁੰਦਾ ਪਰੰਤੂ ਇਹ ਆਇਆ ਮਹਲਾ ੧ ਦੇ ਸੰਕੇਤ ਪਿਛੋਂ ਇਸ ਲਈ ਇਸ ਨੂੰ ਰਾਗ ਦਾ ਸੂਚਕ ਮੰਨਣਾ ਉਚਿਤ ਨਹੀਂ[11] ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਿਰਲੇਖ 'ਰਾਮਕਲੀ ਦਖਣੀ ਮਹਲਾ ੧ ਇਸ ਗਲ ਦਾ ਸੰਕੇਤ ਹੈ ਕਿ ਇਹ ਦੱਖਣੀ ਪੱਧਤੀ ਦਾ ਰਾਗ ਹੈ। ਡਾ: ਗੁਰਨਾਮ ਸਿੰਘ ਜੀ ਨੇ ਵੀ ਆਪਣੇ ਸ਼ੋਧ ਪ੍ਰਬੰਧ ਵਿਚ ਇਨ੍ਹਾਂ ਰਾਗਾਂ ਨੂੰ ਦੱਖਣੀ ਪੱਧਤੀ ਦਾ ਰਾਗ ਸਵੀਕਾਰਿਆ ਹੈ[12] । ਕਿਰਿਆਤਮਕ ਤੌਰ 'ਤੇ ਇਨ੍ਹਾਂ ਰਾਗਾਂ ਦੇ ਸਰੂਪ ਵੀ ਕੇਵਲ ਦੱਖਣੀ ਸੰਗੀਤ ਪੱਧਤੀ ਵਿਚ ਹੀ ਪਾਏ ਜਾਂਦੇ ਹਨ,ਉਤਰੀ ਭਾਰਤੀ ਸੰਗੀਤ ਵਿਚ ਨਹੀਂ। ਇਸ ਲਈ ਇਨ੍ਹਾਂ ਰਾਗਾਂ ਨੂੰ ਦੱਖਣੀ ਪੱਧਤੀ ਦੇ ਰਾਗ ਮੰਨਣਾ ਹੀ ਵਧੇਰੇ ਉਚਿਤ ਹੈ। ਦੱਖਣੀ ਪੱਧਤੀ ਦੇ ਰਾਗਾਂ ਦਾ ਪ੍ਰਯੋਗ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਕੀਤਾ ਹੈ। ਸ਼ਬਦ ਉਪਰ ਸਿਰਲੇਖ ਰੂਪ ਵਜੋਂ ਅੰਕਿਤ 'ਰਾਗ' ਕਿਉਂ ਜੋ ਬਾਣੀ ਨੂੰ ਰਾਗਾਂ ਦੇ ਅਧੀਨ ਗਾਉਣ ਦਾ ਨਿਰਦੇਸ਼ ਹੈ,ਇਸ ਲਈ ਗੁਰਮਤਿ ਸੰਗੀਤ ਪਰੰਪਰਾ ਵਿਚ ਉਤਰੀ ਤੇ ਦੱਖਣੀ ਪੱਧਤੀ ਦੇ ਦੋਹਾਂ ਦੇ ਰਾਗਾਂ ਨੂੰ ਸਮਾਨ ਸਤਿਕਾਰ ਨਾਲ ਗਾਉਣ ਦਾ ਆਦੇਸ਼ ਹੈ। ਤੇਹਰਵੀਂ ਸਦੀ ਵਿਚ ਪੰਡਿਤ ਸ਼ਾਰੰਗਦੇਵ ਨੇ ਇਨ੍ਹਾਂ ਦੋਹਾਂ ਪੱਧਤੀਆਂ ਨੂੰ ਮੇਲਣ ਦਾ ਯਤਨ ਕੀਤਾ ਪਰ ਵਿਵਹਾਰਕ ਤੌਰ 'ਤੇ ਸੰਭਵ ਨਾ ਹੋ ਸਕਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦੱਖਣੀ ਪੱਧਤੀ ਰਾਗਾਂ ਨੂੰ ਆਪਣੀ ਬਾਣੀ ਦੇ ਗਾਇਨ ਹਿਤ ਪ੍ਰਯੋਗ ਕਰਕੇ ਦੋਵਾਂ ਸੰਗੀਤ ਪੱਧਤੀਆਂ ਦੀ ਵਿਚਲੀ ਦੂਰੀ ਨੂੰ ਖਤਮ ਕਰਨ ਵਿਚ ਮਹਾਨ ਯੋਗਦਾਨ ਹੈ।

**ਸਨਾਤਨੀ ਰਾਗ** :-ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਦੀ ਸਫਲ ਪ੍ਰਸਤੁਤੀ ਹਿੱਤ ਬਾਣੀ ਅਤੇ ਰਾਗਾਂ ਨੂੰ ਇਨ੍ਹਾਂ ਦੀ ਪ੍ਰਕ੍ਰਿਤੀ ਦੀ ਅੰਤਰੀਵੀ ਸਾਂਝ,ਰਸਾਤਮਕ ਅਤੇ ਭਾਵਾਤਮਕ ਪੱਧਰ ਉਤੇ ਜੋੜਨ ਦੀ ਸਫਲ ਕੋਸ਼ਿਸ਼ ਕੀਤੀ ਹੈ। ਆਪ ਨੇ ਬਾਣੀ ਦੇ ਗਾਇਨ ਲਈ ਕੀਤੇ ਗਏ ਸਨਾਤਨੀ ਕਾਵਿ ਰੂਪਾਂ ਲਈ ਸ਼ੁਧ ਰੂਪ ਵਿਚ ਮਾਰਗੀ ਜਾਂ ਸਥਾਪਿਤ ਰਾਗਾਂ ਦਾ ਪ੍ਰਯੋਗ ਕੀਤਾ ਹੈ। ਉਦਾਹਰਣ ਦੇ ਤੌਰ 'ਤੇ ਪ੍ਰਬੰਧ ਗਾਇਨ ਸ਼ੈਲੀ ਦੇ ਕਾਵਿ ਰੂਪ ਅਸ਼ਟਪਦੀ ਦਾ ਪ੍ਰਯੋਗ ਸਿਰੀ, ਮਾਝ, ਗਉੜੀ, ਗੂਜਰੀ, ਰਾਮਕਲੀ, ਪ੍ਰਭਾਤੀ ਰਾਗਾਂ ਅਧੀਨ ਕੀਤਾ ਗਿਆ ਹੈ।

**ਦੇਸ਼ੀ ਰਾਗ**:-ਗੁਰੂ ਸਾਹਿਬਾਨ ਨੇ ਬਾਣੀ ਦੇ ਸੰਚਾਰ ਦੀਆਂ ਸੰਭਾਵਨਾਵਾਂ ਨੂੰ ਵਧਾਉਣ ਲਈ ਵਿਭਿੰਨ ਇਲਾਕਿਆਂ ਦੀ ਲੋਕ ਪਰੰਪਰਾ ਵਿਚੋਂ ਵਿਕਸਿਤ ਰਾਗਾਂ ਨੂੰ ਬਾਣੀ ਦੇ ਗਾਇਨ ਹਿਤ ਪ੍ਰਯੋਗ ਕੀਤਾ ਹੈ। ਉਦਾਹਰਣ ਦੇ ਤੌਰ 'ਤੇ ਮਾਝ, ਆਸਾ, ਆਸਾ ਕਾਫੀ, ਤਿਲੰਗ, ਸੂਹੀ, ਮਾਰੂ, ਤੁਖਾਰੀ,ਦੇਸ਼ੀ ਰਾਗ ਵਜੋਂ ਇਸਤੇਮਾਲ ਕੀਤੇ ਹਨ।

**ਮੌਸਮੀ ਰਾਗ** :-ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਉਪਰੋਕਤ ਰਾਗਾਂ ਵਿਚ ਕੁਝ ਰਾਗ ਇਸ ਤਰ੍ਹਾਂ ਦੇ ਮਿਲਦੇ ਹਨ ਜੋ ਮੌਸਮ ਨਾਲ ਸੰਬੰਧਿਤ ਹਨ। ਇਨ੍ਹਾਂ ਰਾਗਾਂ ਦਾ ਗਾਇਨ ਵੀ ਸੰਬੰਧਿਤ ਮੌਸਮ ਵਿਚ ਹਰ ਸਮੇਂ ਗਾਇਨ ਕਰਨ ਦੀ ਪ੍ਰਥਾ ਹੈ। ਬਾਣੀ ਦਾ ਸਾਧਾਰਨ ਪਾਠ ਕਰਨ ਤੇ ਵੀ ਰਾਗ ਦੇ ਸੰਬੰਧਿਤ ਮੌਸਮ ਦਾ ਆਭਾਸ ਹੋ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਦਰਜ਼ ਮੌਸਮੀ ਰਾਗ ਬਸੰਤ ਅਤੇ ਮਲ੍ਹਾਰ ਰਾਗਾਂ ਵਿਚ ਮੌਸਮ ਦਾ ਵਰਣਨ ਇਸ ਪ੍ਰਕਾਰ ਹੈ

ਰਾਗ ਬਸੰਤ :

- ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤ ॥ (ਆਦਿ ਗ੍ਰੰਥ, ਪੰਨਾ 1168 )
- ਰੁਤਿ ਆਇਲੇ ਸਰਸ ਬਸੰਤ ਮਾਹਿ ॥ (ਆਦਿ ਗ੍ਰੰਥ, ਪੰਨਾ 1168 )
- ਆਪੇ ਭਵਰਾ ਫੂਲ ਬੇਲਿ॥ ਆਪੇ ਸੰਗਤਿ ਮੀਤ ਮੇਲਿ॥
  ਐਸੀ ਭਵਲਾ ਬਾਸੁ ਲੇ॥ ਤਰਵਰ ਫੂਲੇ ਬਨ ਹਰੇ ॥ (ਆਦਿ ਗ੍ਰੰਥ, ਪੰਨਾ 1190 )

ਰਾਗ ਮਲਾਰ:-

- ਚਾਤ੍ਰਿਕੁ ਜਲ ਬਿਨੁਪ੍ਰਿਉ ਪ੍ਰਿਉ ਟੇਰੈ ਬਿਲਪ ਕਰੈ ਬਿਲਲਾਈ॥
  ਘਨਹਰ ਘੋਰ ਦਸੌ ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ॥ (ਆਦਿ ਗ੍ਰੰਥ,ਪੰਨਾ 1273)
- ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ ॥ (ਆਦਿ ਗ੍ਰੰਥ, ਪੰਨਾ 1279 )
- ਕਰਉ ਬਿਨਉ ਗੁਰ ਅਪਨੇ ਪ੍ਰੀਤਮ ਹਰਿ ਵਰੁ ਆਣ ਮਿਲਾਵੈ॥
  ਸੁਣ ਘਨਘੋਰ ਸੀਤਲੁ ਮਨੁ ਮੋਰਾ ਲਾਲ ਰਤੀ ਗੁਣ ਗਾਵੈ ॥(ਆਦਿ ਗ੍ਰੰਥ, ਪੰਨਾ 1254 )

**ਰਾਗ ਵਰਗੀਕਰਣ** :-

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਰਾਗ ਰਾਗਣੀ ਵਰਗੀਕਰਣ ,ਰਾਗਾਂਗ ਵਰਗੀਕਰਣ, ਮੇਲ ਵਰਗੀਕਰਣ ਪ੍ਰਚਾਰ ਵਿਚ ਸਨ। ਮੱਧਕਾਲ ਵਿਚ ਪ੍ਰਚੱਲਿਤ ਰਾਗ ਰਾਗਣੀ ਵਰਗੀਕਰਣ ਆਰੰਭ ਤੋਂ ਹੀ ਵਾਦ-ਵਿਵਾਦ ਦਾ ਸ਼ਿਕਾਰ ਰਿਹਾ ਹੈ। ਇਨ੍ਹਾਂ ਵਰਗੀਕਰਣਾਂ ਨੇ ਭਾਰਤੀ ਸੰਗੀਤ ਵਿਚ ਕੋਈ ਸੇਧ ਪ੍ਰਦਾਨ ਕਰਨ ਦੀ ਬਜਾਏ ਅਨੇਕ ਮੱਤ, ਵਾਦ-ਵਿਵਾਦ ਤੇ ਬਿਖੇੜਿਆਂ ਨੂੰ ਜਨਮ ਦਿਤਾ ਹੈ। ਵਿਦਵਾਨਾਂ ਵਲੋਂ ਰਾਗਾਂ ਦੇ ਸਰੂਪਾਂ ਸੰਬੰਧੀ ਕਈ ਭਰਮ ਭੁਲੇਖੇ ਵੀ ਪਾਏ ਜਾਂਦੇ ਹਨ। ਅਜਿਹੇ ਸਮੇਂ ਗੁਰੂ ਸਹਿਬਾਨ ਨੇ ਰਾਗ ਰਾਗਣੀ ਵਰਗੀਕਰਣ ਦੇ ਵਿਵਾਦ ਤੋਂ ਨਿਰਲੇਪ ਰਹਿੰਦਿਆਂ ਇਕ ਮੌਲਿਕ ਤੇ ਨਵੀਨ ਰਾਗ ਵਰਗੀਕਰਣ ਸਿਰਜਿਆ। ਇਸ ਨਵੀਨ ਮੌਲਿਕ ਪ੍ਰਬੰਧ ਨੂੰ ਜਾਣਨ ਲਈ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਰਾਗ ਸੰਬੰਧੀ ਦਰਜ਼ ਫੁਰਮਾਨਾਂ ਨੂੰ ਧਿਆਨ ਦੇਣਾ ਯੋਗ ਪ੍ਰਤੀਤ ਹੁੰਦਾ ਹੈ ;

- ਕੇਤੇ ਰਾਗ ਪਰੀ ਸਿਉ ਕਹੀਅਨਿ॥ (ਆਦਿ ਗ੍ਰੰਥ, ਪੰਨਾ 6 )
- ਇਕ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ॥ (ਆਦਿ ਗ੍ਰੰਥ, ਪੰਨਾ 1285 )

ਇਨ੍ਹਾਂ ਫੁਰਮਾਨਾਂ ਤੋਂ ਸਪਸ਼ਟ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਗ ਰਾਗਣੀ ਵਰਗੀਕਰਣ ਨੂੰ ਮਾਨਤਾ ਨਹੀਂ ਦਿਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰਲੇਖ ਵਜੋਂ ਕਿਧਰੇ ਵੀ ਰਾਗਣੀ ਸ਼ਬਦ ਨਹੀਂ ਮਿਲਦਾ,ਬੇਸ਼ਕ ਰਾਗਾਂ ਦੇ ਨਾਮ ਇਸਤ੍ਰੀ ਵਾਚਕ ਹੀ ਕਿਉਂ ਨਾ ਹੋਣ। ਇਸ ਰਾਗ ਵਰਗੀਕਰਣ ਵਿੱਚ ਰਾਗਾਂ ਦਾ ਵਰਗੀਕਰਣ ਸਿੱਧੇ ਤੇ ਸਰਲ ਵਿਧੀ ਦੁਆਰਾ ਕੀਤਾ ਗਿਆ ਹੈ ਜਿਸ ਵਿਚ ਸ਼ੁਧ,ਸਨਾਤਨੀ ਪ੍ਰਮੁੱਖ ਤੇ ਪ੍ਰਚੱਲਿਤ ਰਾਗਾਂ ਨੂੰ ਪ੍ਰਮੁੱਖ ਸਵੀਕਾਰਿਆ ਗਿਆ ਹੈ ਅਤੇ ਮੁੱਖ ਰਾਗਾਂ ਦੇ ਅਧੀਨ ਉਨ੍ਹਾਂ ਦੇ ਪ੍ਰਕਾਰਾਂ ਨੂੰ ਨਿਰਧਾਰਿਤ ਕੀਤਾ ਗਿਆ ਹੈ। ਇਸ ਵਰਗੀਕਰਣ ਵਿਚ ਸ਼ੁਧ,ਛਾਇਆਲਗ,ਸੰਕੀਰਣ ਰਾਗਾਂ ਅਨੁਸਾਰ ਵਰਗੀਕਰਣ ਕੀਤਾ ਗਿਆ ਹੈ। ਉਕਤ ਰਾਗ ਵਰਗੀਕਰਣ ਗੁਰਮਤਿ ਸੰਗੀਤ ਲਈ ਲਾਹੇਵੰਦ ਤੇ ਭਾਰਤੀ ਸੰਗੀਤ ਲਈ ਸੇਧ ਪੂਰਨ ਹੈ।

**ਰਹਾਉ** :-

ਰਹਾਉ ਦੀ ਤੁਕ ਕਾਵਿ ਪਖੋਂ ਮਹੱਤਵਪੂਰਨ ਹੈ ਉਥੇ ਸੰਗੀਤਕ ਸੰਚਾਰ ਲਈ ਵੀ ਰਹਾਉ ਕੇਂਦਰੀ ਧੁਰਾ ਹੈ ਜੋ ਸ਼ਬਦ ਦੀ ਵਿਚਾਰ ਅਤੇ ਗਾਇਨ ਦੇ ਸੰਦਰਭ ਵਿਚ ਹਮੇਸ਼ਾਂ ਕਾਰਜਸ਼ੀਲ ਰਹਿੰਦੀ ਹੈ ਕਿਉਂਕਿ ਰਹਾਉ ਦੀ ਤੁਕ ਵਿਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ। ਰਹਾਉ ਭਾਰਤੀ ਸੰਗੀਤ ਵਿਚ ਪ੍ਰੱਚਲਿਤ ਧਰੁਵ,ਪਦ ਅਰਥਾਤ ਅਟਲ ਜਾਂ ਅਚਲ ਪਦ ਵਜੋਂ ਵਿਦਮਾਨ ਹੈ।ਇਸਨੂੰ ਸਥਾਈ ਵੀ ਕਿਹਾ ਜਾਂਦਾ ਹੈ।ਮਧਕਾਲੀਨ ਸੰਤ,ਭਗਤ,ਕਵੀਆਂ ਦੀਆਂ ਰਚਨਾਵਾਂ ਵਿਚ ਵੀ ਰਹਾਉ,ਧਰੁਵ ਅਤੇ ਟੇਕ ਸ਼ਬਦ ਦਾ ਪ੍ਰਯੋਗ ਮਿਲਦਾ ਹੈ।ਇਨ੍ਹਾਂ ਵਿਚ ਇਹ ਆਮ ਤੌਂਰ 'ਤੇ ਸ਼ਬਦ ਦਾ ਪਹਿਲਾ ਬੰਦ ਰਹਾਉ ਦੀ ਤੁਕ ਦਾ ਹੈ ਪਰ ਗੁਰੂ ਨਾਨਕ ਬਾਣੀ ਵਿਚ ਰਹਾਉ ੨ ਅਤੇ ਰਹਾਉ ੩ ਵੀ ਮਿਲਦੇ ਹਨ ਜਿਨ੍ਹਾਂ ਲਈ ਰਹਾਉ ੧ ਰਹਾਉ ੨ ਇਸ ਤਰ੍ਹਾਂ ਅੰਕ ਵਿਦਮਾਨ ਹਨ।ਸ਼ਬਦ ਵਿਚ ਕੇਂਦਰੀ ਭਾਵ ਮੌਜੂਦ ਹੋਣ ਕਾਰਣ ਪਰੰਪਰਾ ਅਨੁਸਾਰ ਰਹਾਉ ਦੀ ਤੁਕ ਨੂੰ ਸਥਾਈ ਮੰਨ ਕੇ ਹਰ ਅੰਤਰੇ ਤੋਂ ਬਾਅਦ ਰਹਾਉ ਦੀ ਤੁਕ ਦਾ ਗਾਇਨ ਕਰਨਾ ਜਰੂਰੀ ਹੈ।ਗੁਰੂ ਨਾਨਕ ਬਾਣੀ ਵਿਚ ਦਰਜ ਅੰਤਰਿਆਂ ਵਿਚ ਰਹਾਉ ਦੀ ਤੁਕ ਵਿਚ ਅੰਕਿਤ ਕੇਂਦਰੀ ਭਾਵ ਨੂੰ ਵਿਭਿੰਨ ਦਲੀਲਾਂ,ਪ੍ਰਮਾਣਾਂ ਸਹਿਤ ਦ੍ਰਿੜਾਇਆ ਹੈ।ਜਦੋਂ ਸਮਸਿਆ ਦਾ ਸਮਾਧਾਨ ਹੋ ਜਾਂਦਾ ਹੈ ਤਾਂ ਰਹਾਉ ਦੀ ਤੁਕ ਬਦਲ ਜਾਂਦੀ ਹੈ ਇਸ ਲਈ ਫਿਰ ਰਹਾਉ ਦੂਜੇ ਦੀ ਤੁਕ ਨੂੰ ਸਥਾਈ ਤੌਂਰ 'ਤੇ ਗਾਇਨ ਕਰਨ ਦੀ ਮਰਿਆਦਾ ਹੈ ।

**ਅੰਕੁ** :-

ਸ਼ਬਦ ਨੂੰ ਸੰਗੀਤਕ ਸੰਚਾਰ ਹਿਤ ਰਹਾਉ ਤੋਂ ਬਾਅਦ ਅੰਕੁ ਦਾ ਸਥਾਨ ਹੈ। ਸ਼ਬਦ ਵਿਚ ਰਹਾਉ ਦੀ ਤੁਕ ਤੋਂ ਬਾਅਦ ਬਾਕੀ ਤੁਕਾਂ ਦੀ ਸਮਾਪਤੀ ਤੇ ੧, ੨, ੩, ੪, ਆਦਿ ਅੰਕੁ ਮਿਲਦੇ ਹਨ ਜੋ ਅੰਤਰਿਆਂ ਦੇ ਰੂਪ ਵਿਚ ਹਨ।ਇਹ ਅੰਕੁ ਜਿਥੇ ਸ਼ਬਦ ਦੇ ਅੰਤਰੇ ਦੀ ਸੀਮਾ ਦਾ ਸੂਚਕ ਹਨ ਉਥੇ ਸ਼ਬਦ ਦੀ ਸੰਬੰਧਿਤ ਕਾਵਿ ਸ਼ੈਲੀ ਜਾਂ ਗਾਇਨ ਸ਼ੈਲੀ ਦਾ ਵੀ ਸੰਦੇਸ਼ ਹਨ ਉਦਾਹਰਣ ਦੇ ਤੌਂਰ 'ਤੇ ਚਉਪਦੇ ਵਿਚ ਚਾਰ ਪਦੇ,ਅਸ਼ਟਪਦੀਆਂ ਵਿਚ ਅੱਠ ਪਦੇ ਹੁੰਦੇ ਹਨ।ਇਨ੍ਹਾਂ ਪਦਿਆਂ ਦੀ ਗਿਣਤੀ ਸ਼ਬਦ ਵਿਚ ਦਰਜ ਅੰਕਾਂ ਤੋਂ ਮਿਲਦੀ ਹੈ। ਅੰਕੁ ਜਾਂ ਅੰਤਰੇ ਦੀਆਂ ਤੁਕਾਂ ਦਾ ਰਹਾਉ ਦੀ ਤੁਕ ਨਾਲ ਅਟੁੱਟ ਸੰਬੰਧ ਹੈ।ਸ਼ਬਦ ਦੇ ਵਿਚ ਰਹਾਉ ਦੀ ਤੁਕ ਜਿਥੇ ਅਹਿਮ ਭੂਮਿਕਾ ਨਿਭਾਂਉਦੀ ਹੈ ਉਥੇ ਰਹਾਉ ਦੀ ਤੁਕ ਵਿਚ ਲੁਪਤ ਭਾਵ ਨੂੰ ਸੁਲਝਾਉਣ ਲਈ ਉਪਜਿਤ ਸਮਸਿਆ ਦਾ ਸਮਾਧਾਨ ਲਈ ਅੰਕੁ ਜਾਂ ਅੰਤਰੇ ਦੀਆਂ ਤੁਕਾਂ ਪ੍ਰਮਾਣ,ਦਲੀਲਾਂ,ਉਕਤੀਆਂ ਅਤੇ ਉਦਾਹਰਣਾਂ ਦਾ ਰੂਪ ਹਨ।ਸ਼ਬਦ ਵਿਚ ਹਰ ਅੰਤਰੇ ਤੋਂ ਬਾਅਦ ਰਹਾਉ ਦੀ ਤੁਕ ਤੇ ਆਉਣ ਦੀ ਪ੍ਰਕ੍ਰਿਆ ਸਰੋਤੇ ਦੇ ਮਨ ਤੇ ਸ਼ਬਦ ਦੇ ਅੰਤਰੀਵੀ ਭਾਵਾਂ ਵਿਚ ਦ੍ਰਿੜਤਾ ਪ੍ਰਦਾਨ ਕਰਨ ਹਿਤ,ਭਾਵਾਂ ਨੂੰ ਪ੍ਰਕਾਸ਼ਮਾਨ ਕਰਨ ਵਿਚ ਸਹਾਈ ਹੁੰਦੀ ਹੈ।

**ਘਰੁ** :-

ਸ਼ਬਦ ਵਿਚ ਰਾਗ,ਰਹਾਉ, ਅੰਕੁ ਤੋਂ ਬਿਨ੍ਹਾਂ ਘਰੁ ਵੀ ਇਕ ਸੰਗੀਤਕ ਸੰਕੇਤ ਵਜੋਂ ਅੰਕਿਤ ਹੈ।ਇਹ ਸਿਰਲੇਖ ਰੂਪ ਵਿਚ ਰਾਗ ਤੋਂ ਬਾਅਦ ਘਰੁ ੧ ,ਘਰੁ ੨ ਆਦਿ ਰੂਪ ਵਿਚ ਦਰਜ਼ ਹਨ।ਘਰੁ ਦੀ ਕੁਲ ਗਿਣਤੀ 17 ਹੈ।ਇਸ ਸੰਬੰਧੀ ਵਿਦਵਾਨਾਂ ਦੇ ਮੱਤਭੇਦ ਪਾਏ ਜਾਂਦੇ ਹਨ।ਭਾਈ ਵੀਰ ਸਿੰਘ ਜੀ ਅਨੁਸਾਰ, "ਸਾਜ਼ਾਂ ਵਿਚ ਤਿੰਨ ਗ੍ਰਾਮ ਹੁੰਦੇ ਹਨ, ਗ੍ਰਾਮ ਤੋਂ ਘਰੁ ਬਣਦਾ ਹੈ,ਸੋ ਤਿੰਨ ਗ੍ਰਾਮ ਦੀਆਂ ਸੁਰਾਂ ਦੇ ਟਿਕਾਣੇ ਤੋਂ ਘਰੁ ਹਨ। ਘਰੁ ੧ ਤੋਂ ਭਾਵ ਗਾਏ ਜਾਣ ਵਾਲੇ ਰਾਗ ਦੀ ਪ੍ਰਧਾਨ ਸੁਰ ਦੀ ਸੰਖਯਾ ਦਾ ਸੰਕੇਤ ਹੈ"। [13] ਭਾਈ ਕਾਨ੍ਹ ਸਿੰਘ ਨਾਭਾ ਘਰੁ ਸੰਬੰਧੀ ਲਿਖਦੇ ਹਨ "ਗੁਰਮਤਿ ਸੰਗੀਤ ਅਨੁਸਾਰ ਘਰੁ ਦੇ ਦੋ ਅਰਥ ਹਨ ਇਕ ਤਾਲ, ਦੂਜਾ ਸਵਰ ਅਤੇ ਮੂਰਛਨਾ ਦੇ ਭੇਦ ਕਰਕੇ ਇਕ ਹੀ ਰਾਗ ਦੇ ਸਰਗਮ ਪ੍ਰਸਤਾਰ ਗਾਉਣ ਦੇ ਪ੍ਰਕਾਰ"। [14]

ਬਹੁਮਤ ਵਿਦਵਾਨਾਂ ਨੇ ਘਰੁ ਨੂੰ ਤਾਲ ਵਜੋਂ ਸਵੀਕਾਰਿਆ ਹੈ। ਘਰੁ ਪਦ ਦੇ ਅੱਗੇ ਜੋ ਅੰਕ ਹੋਵੇ ਉਸ ਅਨੁਸਾਰ ਸਮਝ ਲੈਣਾ ਚਾਹੀਦਾ ਹੈ ਕਿ ਸ਼ਬਦ ਉਸ ਤਾਲ ਵਿਚ ਗਾਉਣਾ ਹੈ,ਕਿਉਂਕਿ ਸੁਰ, ਤਾਲ, ਲਯ, ਅੰਗ, ਨਯਾਸ, ਗ੍ਰਹਿ ਇਹੋ ਗਲਾਂ ਰਾਗ ਦਾ ਸਰੂਪ ਪ੍ਰਕਾਸ਼ਦੀਆਂ ਹਨ, ਇਸ ਲਈ ਜਿੰਨੇ-ਜਿੰਨੇ ਤਾਲ ਵਿਚ ਜੋ-ਜੋ ਰਾਗ ਦਾ ਸ਼ਬਦ ਵਾ ਬਾਣੀ ਉਚਰੀ ਸੋ ਸੋ ਗਾਉਣ ਲਈ ਤਾਲ ਦਾ ਪਤਾ ਲਿਖਿਆ ਹੈ।[15] ਕੁਝ ਵਿਦਵਾਨਾਂ ਦਾ ਇਹ ਵੀ ਮੱਤ ਹੈ ਕਿ

ਇਰਾਨੀ ਤਾਲ ਪੱਧਤੀ ਵਿਚ ਤਾਲ ਰੂਪਾਂ ਨੂੰ ਇਕ ਗਾਹ, ਦੋ ਗਾਹ, ਸਿਰ ਗਾਹ, ਚਾਰ ਗਾਹ ਆਦਿ ਆਖਿਆ ਜਾਂਦਾ ਹੈ। ਸੋ ਹੋ ਸਕਦਾ ਹੈ ਕਿ ਗੁਰੂ ਸਾਹਿਬ ਨੇ ਗਾਹ ਜਿਸਦਾ ਅਰਥ ਘਰੁ ਹੈ, ਨੂੰ ਤਾਲ ਦਰਸਾਉਣ ਲਈ ਪ੍ਰਯੋਗ ਕੀਤਾ ਹੋਵੇ। ਫ਼ਾਰਸੀ ਬਹਿਰ ਦੀ ਬੁਨਿਆਦ 'ਤੇ ਇਹ ਮੱਤ ਵੀ ਪ੍ਰਚਾਰ ਵਿਚ ਹੈ ਕਿ ਅਮੀਰ ਖ਼ੁਸਰੋ ਨੇ 17 ਤਾਲ ਈਜ਼ਾਦ ਕੀਤੇ,ਜਿਨ੍ਹਾਂ ਦੇ ਨਾਮ ਪਸ਼ਤੋ, ਜ਼ੋਬਹਾਰ, ਕੱਵਾਲੀ, ਸੂਲਫ਼ਾਖਤਾ, ਜਤ, ਜਲਦ, ਤਿਤਾਲਾ, ਸਵਾਰੀ, ਆੜਾ ਚੌਤਾਲ, ਝੂਮਰਾ, ਜ਼ਮਾਨੀ ਸਵਾਰੀ, ਦਾਸਤਾਨ, ਖ਼ਮਸ, ਫ਼ਰੋਦਸਤ, ਕੈਦ, ਪਹਲਵਾਨ,ਪਟ ਅਤੇ ਚਪਕ ਹਨ[17] । ਇਹ 17 ਤਾਲ ਮੱਧ ਕਾਲ ਵਿਚ ਭਾਰਤੀ ਸੰਗੀਤ ਵਿਚ ਪ੍ਰਚਾਰ ਵਿਚ ਸਨ। ਸੰਭਵ ਹੈ ਕਿ ਗੁਰੂ ਸਾਹਿਬਾਨ ਦੇ ਵਰਤੇ 17 ਘਰੁ ਭਾਰਤੀ ਸੰਗੀਤ ਵਿਚ ਪ੍ਰਚੱਲਿਤ ਇਹ 17 ਘਰੁ ਹੀ ਹੋਣ। ਕੁਝ ਵੀ ਹੋਵੇ ਬਹੁਤੇ ਵਿਦਵਾਨ ਘਰੁ ਨੂੰ ਤਾਲ ਵਜੋਂ ਹੀ ਸਵੀਕਾਰਦੇ ਹਨ। ਸਮੇਂ ਦੇ ਅੰਤਰਾਲ ਸਦਕਾ ਵਿਵਹਾਰਕ ਤੌਰ 'ਤੇ ਘਰੁ ਦਾ ਪ੍ਰਯੋਗ ਸਮਾਪਤ ਹੋ ਗਿਆ ਹੈ।

**ਗਾਇਨ ਸ਼ੈਲੀਆਂ** :-

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਦੇ ਸੰਚਾਰ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਨ ਹਿਤ ਕਈ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ। ਆਪ ਨੇ ਜਿਥੇ ਸ਼ਾਸਤਰੀ ਗਾਇਨ ਸ਼ੈਲੀਆਂ ਨੂੰ 'ਅੰਗ'ਰੂਪ ਵਿਚ ਅਪਣਾ ਕੇ ਇਨ੍ਹਾਂ ਦੇ ਨਾਲ ਸੰਬੰਧਿਤ ਕਾਵਿ ਰੂਪ ਵਿਚ ਬਾਣੀ ਨੂੰ ਗੁਰਮਤਿ ਸੰਗੀਤ ਪ੍ਰਬੰਧ ਅੰਤਰਗਤ ਨਿੱਬਧ ਕੀਤਾ ਹੈ ਉਥੇ ਲੋਕ ਅੰਗ ਦੀਆਂ ਸ਼ੈਲੀਆਂ, ਜਿਹੜੀਆਂ ਵੱਖ-ਵੱਖ ਖਿੱਤਿਆਂ,ਜਾਤਾਂ,ਪ੍ਰਾਂਤਾਂ ਦੇ ਮੱਨੁਖੀ ਜੀਵਨ ਵਿਚ ਨਿੱਜੀ ਸਮੂਹਿਕ ਭਾਵਾਂ ਦੇ ਪ੍ਰਗਟਾਅ ਲਈ ਪ੍ਰਯੋਗ ਹੁੰਦੀਆਂ ਹਨ,ਇਨ੍ਹਾਂ ਦੀ ਵੀ ਵਰਤੋਂ ਕੀਤੀ। ਇਨ੍ਹਾਂ ਲੋਕ ਕਾਵਿ ਰੂਪਾਂ ਨੂੰ ਗੁਰਮਤਿ ਸੰਗੀਤ ਦਾ ਅੰਕੁਸ਼ ਲਗਾ ਕੇ ਇਨ੍ਹਾਂ ਵਿਚਲੀ ਖੁਲ੍ਹ ਨੂੰ ਅਨੁਸ਼ਾਸਿਤ ਕੀਤਾ ਗਿਆ ਹੈ। ਇਹ ਅਨੁਸ਼ਾਸਨ-ਬੱਧਤਾ ਇਨ੍ਹਾਂ ਦੀ ਭਾਵ ਅਭਿਵਿਅਕਤੀ ਵਿੱਚ ਕਿਸੇ ਕਿਸਮ ਦੀ ਰੁਕਾਵਟ ਨਹੀਂ ਸਗੋਂ ਵਿਸ਼ੇ ਦੀ ਸਹਿਜ ਪ੍ਰਸਤੁਤੀ ਵਿਚ ਸਹਾਇਕ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਅਸ਼ਟਪਦੀ,ਪਦੇ ਸ਼ਾਸਤਰ ਸ਼ੈਲੀਆਂ ਵਜੋਂ ਅਤੇ ਛੰਤ,ਅਲਾਹੁਣੀ,ਅੰਜੁਲੀ,ਪਟੀ,ਬਾਰਹਮਾਹ,ਸੋਦਰ ਅਤੇ ਆਰਤੀ ਲੋਕ ਸ਼ੈਲੀਆਂ ਜਿਥੇ ਲੋਕ ਮਨ ਦੀ ਅਭਿਵਿਅਤੀ ਨਾਲ ਜੁੜੀਆਂ ਹਨ ਉਥੇ ਇਹ ਇਕ ਵਿਸ਼ਿਸ਼ਟ ਸੰਗੀਤ ਦੀਆਂ ਧਾਰਣੀ ਹਨ। ਇਨ੍ਹਾਂ ਲੋਕ ਰੂਪਾਂ ਨੂੰ ਰਾਗ,ਧੁਨੀ,ਰਹਾਉ ਅਤੇ ਅੰਕੁ ਆਦਿ ਸੰਕੇਤਾਂ ਨਾਲ ਸਰੂਪਿਤ ਕੀਤਾ ਗਿਆ ਹੈ। ਇਨ੍ਹਾਂ ਬਾਰੇ ਵਿਸਤਰਿਤ ਵਰਣਨ ਇਸ ਤਰਾਂ ਹੈ।

**ਅਸ਼ਟਪਦੀ** :-ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਪਣੀ ਬਾਣੀ ਦੇ ਗਾਇਨ ਲਈ ਭਾਰਤੀ ਸੰਗੀਤ ਵਿਚ ਮੱਧਕਾਲ ਵਿਚ ਪ੍ਰਚੱਲਿਤ ਪ੍ਰਬੰਧ ਗਾਇਨ ਸ਼ੈਲੀ ਅੰਗ ਤੋਂ ਅਸ਼ਟਪਦੀ ਸ਼ੈਲੀ ਦਾ ਪ੍ਰਯੋਗ ਕੀਤਾ। ਅਸ਼ਟਪਦੀ ਕਾਵਿ ਅਤੇ ਸੰਗੀਤਕ ਪਖੋਂ ਸਨਾਤਨੀ ਉਚਤਾ ਦਾ ਧਾਰਣੀ ਹੈ। ਅਸ਼ਟਪਦੀ ਤੋਂ ਭਾਵ ਅਸ਼ਟ ਪਦ ਜਾਂ ਅੱਠ ਪਦਿਆਂ ਦਾ ਸੰਗ੍ਰਹਿ ਹੈ ਪਰ ਬਾਣੀ ਵਿੱਚ ਅਸ਼ਟਪਦੀ ਅਧੀਨ ਪਦਿਆਂ ਦੀ ਗਿਣਤੀ ਅੱਠ ਤੋਂ ਵਧ ਨੌਂ,ਦਸ,ਗਿਆਰਾਂ ਅਤੇ ਅੱਠ ਤੋਂ ਘੱਟ ਸੱਤ ਵੀ ਮਿਲਦੀ ਹੈ ਅਤੇ ਅਸ਼ਟਪਦੀ ਅੰਤਰਗਤ ਚਾਰ ਤੁਕਾਂ ਤੋਂ ਬਿਨਾਂ ਤਿੰਨ, ਦੋ ਅਤੇ ਇਕ ਤੁਕ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਅਧਿਆਤਮਕ ਸੰਗੀਤ ਅੰਤਰਗਤ 12 ਵੀਂ ਸਦੀ ਦੇ ਪ੍ਰਸਿੱਧ ਭਗਤ ਕਵੀ ਅਤੇ ਮਹਾਨ ਸੰਗੀਤਕਾਰ ਜੈ ਦੇਵ ਜੀ ਦੁਆਰਾ ਰਚਿਤ 'ਗੀਤ ਗੋਵਿੰਦ' ਦੀਆਂ ਮਹੱਤਵਪੂਰਨ ਰਚਨਾਵਾਂ ਅਸ਼ਟਪਦੀ ਪ੍ਰਬੰਧ ਗਾਇਨ ਦਾ ਉਤਕ੍ਰਿਸ਼ਟ ਨਮੂਨਾ ਹਨ। ਪ੍ਰਬੰਧ ਸ਼ੈਲੀ ਦੇ ਚਾਰ ਅੰਗ ਉਦਗ੍ਰਾਹ,ਮੇਲਾਪਕ,ਧਰੁਵ,ਆਭੋਗ ਹਨ ਜੋ ਚਾਰ ਧਾਤੂ ਦੇ ਨਾਮ ਨਾਲ ਵੀ ਜਾਣੇ ਜਾਂਦੇ ਹਨ। ਗੀਤ ਦਾ ਆਰੰਭਿਕ ਭਾਗ ਭਾਵ ਜਿਥੋਂ ਗੀਤ ਦੀ ਸ਼ੁਰੂਆਤ ਹੁੰਦੀ ਹੈ ਉਦਗ੍ਰਾਹ ਅਖਵਾਉਂਦਾ ਹੈ। ਪ੍ਰਬੰਧ ਦਾ ਪਹਿਲਾ ਭਾਗ ਉਦਗ੍ਰਾਹ ਅਤੇ ਤੀਸਰਾ ਭਾਗ ਧਰੁਵ ਦੇ ਸੰਜੋਗ ਤੋਂ ਮੇਲਾਪਕ ਬਣਦਾ ਹੈ। ਧਰੁਵ ਪ੍ਰਬੰਧ ਸ਼ੈਲੀ ਦਾ ਅਹਿਮ ਅੰਗ ਹੈ ਜੋ ਸਥਾਈ ਜਾਂ ਟੇਕ ਵਜੋਂ ਵਿਦਮਾਨ ਹੈ। ਇਸਦਾ ਗਾਇਨ ਗੀਤ ਵਿਚ ਬਾਰ-ਬਾਰ ਕੀਤਾ ਜਾਂਦਾ ਹੈ। ਪ੍ਰਬੰਧ ਗਾਇਨ ਦਾ ਅੰਤਿਮ ਅਤੇ ਚੌਥਾ ਭਾਗ ਆਭੋਗ ਹੈ ਜਿਸ ਤੇ ਪ੍ਰਬੰਧ ਗਾਨ ਦੀ ਸਮਾਪਤੀ ਹੁੰਦੀ ਹੈ। ਗੁਰੂ ਨਾਨਕ ਬਾਣੀ ਵਿਚ ਦਰਜ਼ ਅਸ਼ਟਪਦੀਆਂ ਵਿਚ ਰਹਾਉ ਦੀ ਤੁਕ ਤੋਂ ਪਹਿਲਾ ਬੰਦ ਉਦਗ੍ਰਾਹ ਧਾਤੂ ਹੈ। ਉਦਗ੍ਰਾਹ ਤੋਂ ਬਾਅਦ ਰਹਾਉ ਦੀ ਤੁਕ ਧਰੁਵ ਹੈ ਜੋ ਸਥਾਈ ਵਜੋਂ ਕਿਰਿਆਸ਼ੀਲ ਰਹਿੰਦੀ ਹੈ। ਪ੍ਰਬੰਧ ਦੇ ਦੋ ਧਾਤੂ ਉਦਗ੍ਰਾਹ ਅਤੇ ਧਰੁਵ ਤੋਂ ਬਿਨ੍ਹਾਂ ਬਾਕੀ ਤੁਕਾਂ ਦਾ ਅੰਤਰੇ ਦੇ ਰੂਪ ਵਿਚ ਗਾਇਨ ਕੀਤਾ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਅਸ਼ਟਪਦੀਆਂ ਪ੍ਰਬੰਧ ਗਾਇਨ ਦਾ ਉਤਮ ਨਮੂਨਾ ਹਨ,ਇਨ੍ਹਾਂ ਨੂੰ

ਪ੍ਰਬੰਧ ਅੰਗ ਤੋਂ ਗਾਇਨ ਕਰਨ ਦੀ ਪਰੰਪਰਾ ਹੈ।

**ਪਦੇ** :-ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਪਣੇ ਸਮੇਂ ਪ੍ਰੱਚਲਿਤ ਧਰੁਪਦ ਸ਼ੈਲੀ ਤੋਂ ਪਦ ਗਾਇਨ ਦੀ ਰਚਨਾ ਕੀਤੀ।ਪਦ ਤੋਂ ਭਾਵ ਪੰਕਤੀ ਜਾਂ ਪੰਕਤੀ ਸਮੂਹ ਹੈ।ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਪਦਿਆਂ ਦੀਆਂ ਤੁਕਾਂ ਤੋਂ ਗਾਇਨ ਸ਼ੈਲੀ ਦਾ ਗਿਆਨ ਹੁੰਦਾ ਹੈ,ਉਦਾਹਰਣ ਦੇ ਤੌਰ 'ਤੇ ਚਾਰ ਬੰਦ ਦੇ ਪਦਿਆਂ ਨੂੰ ਚਉਪਦੇ,ਦੋ ਬੰਦ ਦੇ ਪਦੇ ਦੁਪਦੇ ਸ਼ੈਲੀ ਹੈ॥ਧਰੁਪਦ ਭਾਰਤੀ ਸੰਗੀਤ ਦੀ ਪ੍ਰਤੀਨਿਧ ਸ਼ੈਲੀ ਹੈ। ਧਰੁਪਦ ਵਿਚ ਸਥਾਈ,ਅੰਤਰਾ,ਸੰਚਾਰੀ,ਆਭੋਗ ਭਿੰਨ-ਭਿੰਨ ਅੰਗ ਹਨ।ਧਰੁਪਦ ਵਿਚ ਸਥਾਈ ਨੂੰ ਮੁੱਖ ਅੰਗ ਮੰਨਿਆ ਜਾਂਦਾ ਹੈ ਕਿਉਂਕਿ ਗਤ ਦੇ ਸੰਪੂਰਣ ਵਿਸਥਾਰ ਅਤੇ ਲੈਅਕਾਰੀਆਂ ਲੈਣ ਤੋਂ ਬਾਅਦ ਇਸੇ ਭਾਗ ਦਾ ਹੀ ਗਾਇਨ ਕੀਤਾ ਜਾਂਦਾ ਹੈ।ਅੰਤਰਾ ਦਾ ਗਾਇਨ ਧਰੁਪਦ ਦੇ ਪਹਿਲੇ ਚਰਣ ਤੋਂ ਬਾਅਦ ਕੀਤਾ ਜਾਂਦਾ ਹੈ।ਇਸ ਭਾਗ ਦਾ ਗਾਇਨ ਆਮ ਤੌਰ 'ਤੇ ਗੰਧਾਰ,ਮਧਿਅਮ ਜਾਂ ਪੰਚਮ ਸੁਰ ਤੋਂ ਸ਼ੁਰੂ ਕਰਕੇ ਅੰਤ ਮੱਧ ਸ਼ੜਜ ਤੇ ਸਮਾਪਤੀ ਕਰਦੇ ਹਨ।ਸੰਚਾਰੀ ਚਰਣ ਵਿਚ ਕਲਾਤਮਕ ਪੱਖ ਨਾਲ ਸੁਰਾਂ ਦਾ ਪ੍ਰਯੋਗ ਕੀਤਾ ਜਾਦਾਂ ਹੈ।ਇਸ ਵਿਚ ਗਮਕ,_ਮੀਡ ਦੀ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ।ਧਰੁਪਦ ਦਾ ਅੰਤਿਮ ਚਰਣ ਆਭੋਗ ਦਾ ਚਲਨ ਅੰਤਰੇ ਦੀ ਤਰ੍ਹਾਂ ਹੁੰਦਾ ਹੈ ਅਤੇ ਇਸ ਦਾ ਗਾਇਨ ਤਿੰਨਾਂ ਸਪਤਕਾਂ ਵਿਚ ਕੀਤਾ ਜਾਂਦਾ ਹੈ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਪਦ ਸ਼ੈਲੀ ਦਾ ਗਾਇਨ ਭਾਰਤੀ ਸੰਗੀਤ ਵਿਚ ਪ੍ਰੱਚਲਿਤ ਧਰੁਪਦ ਗਾਇਨ ਸ਼ੈਲੀ ਤੋਂ ਭਿੰਨ ਹੈ।ਪਦ ਸ਼ੈਲੀ ਸ਼ਬਦ ਵਿਚ ਦਰਜ਼ ਰਹਾਉ ਦੀ ਤੁਕ ਨੂੰ ਸ਼ਬਦ ਦਾ ਕੇਂਦਰ ਮੰਨ ਕੇ ਧਰੁਵ ਦੀ ਤਰ੍ਹਾਂ ਬਾਰ-ਬਾਰ ਗਾਇਨ ਕਰਨ ਦੀ ਪਰੰਪਰਾ ਹੈ।ਸ਼ਬਦ ਦੀਆਂ ਤੁਕਾਂ ਦੇ ਅੰਤ ਤੇ ੧, ੨, ੩, ੪ ਦੇ ਰੂਪ ਵਿਚ ਦਰਜ਼ ਅੰਕ ਜੋ ਅੰਤਰਿਆਂ ਦੀ ਸੀਮਾ ਦਾ ਸੂਚਕ ਹਨ।ਇਹ ਅੰਕ ਸ਼ਬਦ ਰਚਨਾ ਦੇ ਅੰਤਰਾ,ਸੰਚਾਰੀ ਅਤੇ ਆਭੋਗ ਵਰਗੇ ਵਿਭਿੰਨ ਧਰੁਪਦ ਨਿਯਮਾਂ ਅਨੁਸਾਰ ਕਾਰਜ਼ਸ਼ੀਲ ਰਹਿੰਦੇ ਹਨ।ਪਦ ਸ਼ੈਲੀ ਗੁਰਮਤਿ ਸੰਗੀਤ ਪ੍ਰਬੰਧ ਅੰਤਰਗਤ ਰਾਗ,ਰਹਾਉ,ਅੰਕੁ,ਘਰੁ ਸੰਕੇਤਿਕ ਨਿਯਮਾਂ ਦੇ ਧਾਰਣੀ ਹਨ ਜੋ ਇਸ ਦੇ ਗਾਇਨ ਲਈ ਵਿਵਹਾਰਕ ਰੂਪ ਵਿਚ ਸਹਾਈ ਹੁੰਦੇ ਹਨ।ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਪਦ ਰਚਨਾਵਾਂ ਨੂੰ ਧਰੁਪਦ ਅੰਗ ਤੋਂ ਗਾਏ ਜਾਣ ਦੀ ਪਰੰਪਰਾ ਬਾਣੀ ਪ੍ਰਬੰਧ ਦੀ ਵਿਸ਼ਿਸ਼ਟਤਾ ਹੈ।

**ਛੰਤ** :ਪੰਜਾਬੀ ਲੋਕ ਸੰਗੀਤ ਵਿਚ ਕਾਵਿ,ਸੰਗੀਤ ਅਤੇ ਸ਼ਿੰਗਾਰ ਰਸ ਭਰਪੂਰ ਛੰਤ ਪ੍ਰਚਲਿਤ ਸ਼ੈਲੀ ਹੈ,ਜਿਸਨੂੰ ਵਿਆਹ ਦੇ ਸਮੇਂ ਤੇ ਗਾਇਨ ਕੀਤਾ ਜਾਂਦਾ ਹੈ।ਪੰਜਾਬੀ ਸੰਗੀਤ ਵਿਚ ਛੰਤ ਦੀਆਂ ਤੁਕਾਂ ਨੂੰ ਦੋ ਭਾਗਾਂ ਵਿਚ ਵਿਭਾਜਿਤ ਕਰਕੇ ਹਰ ਭਾਗ ਦੇ ਅਖੀਰਲੇ ਸ਼ਬਦ ਨੂੰ ਲਮਕਾ ਕੇ ਟਿਕਾਅ ਸਹਿਤ ਗਾਇਨ ਕੀਤਾ ਜਾਂਦਾ ਹੈ।ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਦੇ ਸੰਚਾਰ ਲਈ ਉਕਤ ਸ਼ੈਲੀ ਦਾ ਪ੍ਰਯੋਗ ਕੀਤਾ।ਛੰਤ ਦੇ ਆਮ ਤੌਰ 'ਤੇ ਚਾਰ ਬੰਦ ਹੁੰਦੇ ਹਨ ਅਤੇ ਹਰ ਬੰਦ ਛੇ ਤੁਕਾਂ ਦਾ ਧਾਰਣੀ ਹੁੰਦਾ ਹੈ।ਪਰ ਗੁਰੂ ਨਾਨਕ ਬਾਣੀ ਵਿਚ ਛੰਤ ਦੇ ਪਦਿਆਂ ਦੀ ਸੰਖਿਆ ਸੱਤ,ਅੱਠ,ਨੌਂ ਅਤੇ ਸਤਾਰਾਂ ਵੀ ਮਿਲਦੀ ਹੈ।ਛੰਤ ਵਿਚ ਰਹਾਉ ਦੀ ਤੁਕ ਦਾ ਪਾਲਣ ਨਹੀਂ ਕੀਤਾ ਗਿਆ ਕਿਉਂਕਿ ਛੰਤ ਕ੍ਰਮਵਾਰ ਗਾਇਨ ਕਰਨ ਦੀ ਮਰਿਆਦਾ ਹੈ।ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਾਣੀ ਹਿਤ ਛੰਤ ਸ਼ੈਲੀ ਦਾ ਪ੍ਰਯੋਗ ਕਾਵਿ ਅਤੇ ਸੰਗੀਤਕ ਪਖੋਂ ਅਨੁਕੂਲ ਸ਼ਬਦਾਵਲੀ ਸ਼ਬਦਾਂ ਦਾ ਲਮਕਾਅ,ਦੁਹਰਾਅ ਅਤੇ ਬਾਣੀ ਦੇ ਭਾਵ ਪ੍ਰਗਟਾਅ ਲਈ ਅਤਿ ਢੁਕਵਾਂ ਹੈ ਜੋ ਛੰਤ ਦੀ ਧੁਨ ਦੇ ਸਰੋਦੀਪਣ ਨੂੰ ਕਾਇਮ ਰੱਖਣ ਵਿਚ ਸਹਾਇਕ ਹੈ।

**ਅਲਾਹੁਣੀ** :-ਅਲਾਹੁਣੀ ਪੰਜਾਬੀ ਲੋਕ ਕਾਵਿ ਪਰੰਪਰਾ ਨਾਲ ਸੰਬੰਧਿਤ ਇਕ ਸੋਗਮਈ ਲੋਕ ਗੀਤ ਹੈ ਜਿਸ ਵਿਚ ਮ੍ਰਿਤਕ ਪ੍ਰਾਣੀ ਦੇ ਗੁਣਾਂ ਨੂੰ ਦੁਖਦਾਇਕ ਸੁਰਾਂ ਵਿਚ ਸਲਾਹਿਆ ਜਾਂਦਾ ਹੈ।ਅਲਾਹੁਣੀ ਸ਼ਬਦ ਅਲਾਹਣਾ ਤੋਂ ਬਣਿਆ ਹੈ,ਜਿਸਦਾ ਅਰਥ ਹੈ ਗਾਉਣਾ।ਅਲਾਹੁਣੀ ਗਾਇਨ ਕਰਨ ਦੀ ਆਪਣੀ ਪਰੰਪਰਾ ਹੈ।ਇਸਦਾ ਗਾਇਨ ਬਿਨ੍ਹਾਂ ਸਾਜ਼ਾਂ ਤੋਂ ਕੀਤਾ ਜਾਂਦਾ ਹੈ।ਇਸ ਵਿਚ ਮ੍ਰਿਤਕ ਪ੍ਰਾਣੀ ਦੀ ਬਰਾਦਰੀ ਦੀਆਂ ਔਰਤਾਂ ਮਿਲ ਕੇ ਦਾਇਰੇ ਵਿਚ ਖੜੋ ਕੇ ਗਾਇਨ ਕਰਦੀਆਂ ਹਨ।ਇਕ ਵਡੇਰੀ ਉਮਰ ਦੀ ਔਰਤ ਜਾਂ ਮਰਾਸਣ ਮੁਖੀ ਹੁੰਦੀ ਹੈ।ਉਹ ਅਗੇ-ਅਗੇ ਬੋਲਦੀ ਹੈ ਅਤੇ ਪਿਛੇ-ਪਿਛੇ ਸਾਰੀਆਂ ਔਰਤਾਂ ਇਕਠੀਆਂ ਗਾਉਦੀਆਂ ਹਨ ਅਤੇ ਨਾਲ ਇਕ ਲੈਅ ਵਿਚ ਸਭ ਦੇ ਹੱਥ ਛਾਤੀ ਅਤੇ ਪੱਟਾਂ ਤੇ ਮਾਰ ਕੇ ਪਿੱਟਦੀਆਂ ਹਨ।ਅਲਾਹੁਣੀਆਂ ਨੂੰ ਕਿਸੀ ਹੋਰ ਮੌਕੇ ਤੇ ਗਾਉਣਾ ਅਸ਼ੁਭ ਮੰਨਿਆਂ ਜਾਂਦਾ ਹੈ। ਅਲਾਹੁਣੀ ਸੋਗਮਈ,ਦੁਖਦਾਇਕ,ਕਰੁਣਾਮਈ ਸ਼ੈਲੀ ਹੈ ਇਸ ਅਨੁਸਾਰ ਖਾਸ ਹੇਕ,ਸ਼ਬਦਾਂ ਦਾ ਲਮਕਾਅ ਹੁੰਦਾ ਹੈ ਜੋ ਅਲਾਹੁਣੀ ਦੀ ਖਾਸ ਪਹਿਚਾਣ ਹਨ।ਇਸ ਵਿਚ ਬਚੇ ਦੀ ਮੌਤ 'ਤੇ ਮਮਤਾ ਦੀ ਝਲਕ ਅਤੇ ਜੁਆਨ ਦੀ ਮੌਤ 'ਤੇ ਕਰੁਣਾ ਰਸ ਪ੍ਰਧਾਨ ਹੈ।ਮਰਦ ਦੀ ਮੌਤ 'ਤੇ ਅਲਾਹੁਣੀ ਅੰਤਰਗਤ ਮਰਦਾਨਾ ਗੁਣ ਅਤੇ ਜ਼ਨਾਨੀ ਦੀ

ਮੌਤ'ਤੇ ਜਨਾਨਾ ਗੁਣਾਂ ਦੀ ਝਲਕ ਮਿਲਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੋਣ-ਧੋਣ ਨੂੰ ਵਿਅਰਥ,ਸੰਸਾਰ ਨੂੰ ਨਾਸ਼ਵਾਨ ਦਸਦੇ ਹੋਏ,ਪ੍ਰਮਾਤਮਾ ਦੇ ਹੁਕਮ ਵਿਚ ਰਹਿਣ,ਮੌਤ ਨੂੰ ਯਾਦ ਰੱਖਣ ਅਤੇ ਪ੍ਰਭੂ ਭਗਤੀ ਦਾ ਉਪਦੇਸ਼ ਦਿਤਾ ਹੈ। ਆਪ ਜੀ ਦੁਆਰਾ ਪੰਜ ਅਲਾਹੁਣੀਆਂ ਰਾਗ ਵਡੰਹਸ ਅਧੀਨ ਰਚਿਤ ਹਨ। ਅਲਾਹੁਣੀ ਵਿਚ ਚਾਰ ਬੰਦ ਹੁੰਦੇ ਹਨ ਅਤੇ ਹਰ ਬੰਦ ਛੇ ਤੁਕਾਂ ਦਾ ਧਾਰਣੀ ਹੁੰਦਾ ਹੈ। ਇਨ੍ਹਾਂ ਨੂੰ ਕ੍ਰਮਵਾਰ ਗਾਇਨ ਕਰਨ ਦੀ ਰੀਤ ਅਨੁਸਾਰ ਅਲਾਹੁਣੀ ਨੂੰ ਸਥਾਈ ਅੰਤਰੇ ਵਿਚ ਵਿਭਾਜਿਤ ਨਹੀਂ ਕੀਤਾ ਗਿਆ ਪਰ ਰਾਗ ਵਡੰਹਸ ਦੇ ਦਖਣੀ ਪ੍ਰਕਾਰ ਰਾਗ ਵਡੰਹਸ ਦਖਣੀ ਅਧੀਨ ਅੰਕਿਤ ਅਲਾਹੁਣੀ ਵਿਚ ਰਹਾਉ ਦੀ ਤੁਕ ਦਰਜ ਹੈ ਅਤੇ ਅੱਠ ਬੰਦ ਹਨ ਅਤੇ ਹਰੇਕ ਬੰਦ ਵਿਚ ਛੇ ਤੁਕਾਂ ਹਨ। ਅਲਾਹੁਣੀ ਕਰੁਣਾਮਈ ਸ਼ੈਲੀ ਅਨੁਕੂਲ ਮਰਣ,ਰੋਈਐ,ਪਛਤਾਏ ਆਦਿ ਸ਼ਬਦ ਦ੍ਰਿਸ਼ਟੀਗੋਚਰ ਹੁੰਦੇ ਹਨ। ਸਿਖ ਧਰਮ ਵਿਚ ਪ੍ਰਾਣੀ ਦੇ ਅਕਾਲ ਚਲਾਣੇ ਤੇ ਜਦੋਂ ਤਕ ਦੇਹ ਹੈ,ਮਾਰੂ ਰਾਗ ਵਿਚ ਸ਼ਬਦ ਅਤੇ ਮਾਰੂ ਦੀ ਵਾਰ ਦਾ ਗਾਇਨ ਕੀਤਾ ਜਾਂਦਾ ਹੈ। ਫਿਰ ਦੇਹ ਨੂੰ ਦਾਹ ਦੇਣ ਮਗਰੋਂ ਵਡਹੰਸ ਰਾਗ ਦੀਆਂ ਖ਼ਾਸ ਕਰਕੇ ਅਲਾਹੁਣੀ ਗਾਇਨ ਕਰਨ ਦਾ ਆਦੇਸ਼ ਹੈ।

**ਅੰਜੁਲੀ** :-ਅੰਜੁਲੀ ਕਾਵਿ ਰੂਪ ਦੇਵਤਿਆਂ ਦੇ ਪਿਤਰਾਂ ਨੂੰ ਪਾਣੀ ਦੀ ਚੁਲੀ ਅਰਪਣ ਕਰਨ ਹਿਤ ਸੰਬੰਧਿਤ ਹੈ। ਲੋਕ ਵਿਸ਼ਵਾਸ਼ ਅਨੁਸਾਰ ਇਹ ਪਾਣੀ ਮਰੇ ਹੋਏ ਪ੍ਰਾਣੀ ਨੂੰ ਅਗਲੇ ਲੋਕ ਵਿਚ ਪ੍ਰਾਪਤ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅੰਜੁਲੀ ਰਚਨਾਵਾਂ ਵਿਚ ਬਿਰਖ ਦੇ ਰੂਪ ਤੋਂ ਸੰਸਾਰ ਦੀ ਨਾਸ਼ਮਾਨਤਾ ਦਾ ਵਰਣਨ ਕੀਤਾ ਹੈ। ਆਪ ਜੀ ਦੀਆਂ ਦੋ ਰਚਨਾਵਾਂ ਰਾਗ ਮਾਰੂ ਵਿਚ ਦਰਜ ਹਨ। ਇਨ੍ਹਾਂ ਦੋਹਾਂ ਰਚਨਾਵਾਂ ਦੇ ਅੱਠ-ਅੱਠ ਬੰਦ ਹਨ,ਹਰ ਬੰਦ ਦੀਆਂ ਪਹਿਲੀਆਂ ਦੋ ਤੁਕਾਂ ਛੋਟੀਆਂ ਅਤੇ ਤੀਸਰੀ ਤੁਕ ਲੰਬੀ ਹੈ। ਅੰਜੁਲੀ ਨੂੰ ਸਥਾਈ ਅੰਤਰੇ ਵਿਚ ਵਿਭਾਜਿਤ ਨਹੀਂ ਕੀਤਾ ਗਿਆ। ਇਸ ਨੂੰ ਕ੍ਰਮਵਾਰ ਗਾਇਨ ਕਰਨ ਦੀ ਰੀਤ ਹੈ।

**ਪਟੀ** :-ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਰਣਮਾਲਾ ਦੇ ਆਧਾਰ 'ਤੇ ਬਾਣੀ ਦੀ ਰਚਨਾ ਰਾਗ ਆਸਾ ਵਿਚ ਕੀਤੀ। ਇਸ ਵਿਚ ਰਹਾਉ ਦੀ ਤੁਕ ਦਾ ਇਸਤੇਮਾਲ ਨਹੀਂ ਕੀਤਾ ਗਿਆ ਇਸ ਲਈ ਇਸ ਬਾਣੀ ਨੂੰ ਰਾਗ ਆਸਾ ਅਧੀਨ ਕ੍ਰਮਵਾਰ ਗਾਇਨ ਕਰਨ ਦੀ ਮਰਿਆਦਾ ਹੈ।

**ਸਿਧ ਗੋਸਟਿ** :-ਰਾਗ ਰਾਮਕਲੀ ਜੋਗੀਆਂ ਦਾ ਹਰਮਨ ਪਿਆਰਾ ਰਾਗ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਧਾਂ ਨੂੰ ਉਪਦੇਸ਼ ਦੇਣ ਹਿਤ ਉਚਾਰੀ ਬਾਣੀ "ਸਿਧ ਗੋਸਟਿ" ਇਸੇ ਰਾਗ ਵਿਚ ਹੈ। ਉਕਤ ਬਾਣੀ ਉਪਰ ਅੰਕਿਤ ਰਾਮਕਲੀ, ਨਿਰਧਾਰਤ ਰਾਗ ਅਧੀਨ ਗਾਇਨ ਕਰਨ ਦਾ ਸੰਕੇਤ ਹੈ।

**ਸੋ ਦਰੁ** :-ਸੋ ਦਰੁ ਦਾ ਗਾਇਨ ਚੌਥੇ ਪਹਿਰ ਵਿੱਚ ਸ਼ਾਮ ਦੇ ਰਾਗਾਂ ਵਿਚ ਬੰਦਨਾ ਕਰਨ ਤੋਂ ਬਾਅਦ ਸਮੇਂ ਨਾਲ ਸੰਬੰਧਿਤ ਹੋਰ ਸ਼ਬਦਾਂ ਦਾ ਗਾਇਨ ਕਰਨ ਉਪਰੰਤ ਸੋ ਦਰੁ ਦਾ ਰਾਗ ਆਸਾ ਵਿੱਚ ਪਉੜੀ ਸ਼ੈਲੀ ਅਤੇ ਪਉੜੀ ਤਾਲ (ਗੇ, ਤਿਟ, ਤਾ, ਗੇਤਾ ) ਵਿੱਚ ਗਾਇਨ ਕਰਨ ਦੀ ਪਰੰਪਰਾ ਹੈ। ਸਿੱਖ ਧਰਮ ਵਿੱਚ ਰੋਜ਼ਾਨਾ ਨਿਤਨੇਮ ਦੀਆਂ ਬਾਣੀਆਂ ਵਿੱਚੋਂ ਸ਼ਾਮ ਸਮੇਂ ਦੇ ਰਹਿਰਾਸ ਸਾਹਿਬ ਦੇ ਪਾਠ ਦੀ ਸ਼ੁਰੂਆਤ ਵੀ ਸੋ ਦਰੁ ਦੇ ਗਾਇਨ ਕਰਨ ਤੋਂ ਹੁੰਦੀ ਹੈ। ਸੋ ਦਰੁ ਦੇ ਗਾਇਨ ਕਰਨ ਤੋਂ ਬਾਅਦ ਰਹਿਰਾਸ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ ਅਤੇ ਫਿਰ ਅਰਦਾਸ ਕਰਨ ਤੇ ਇਸ ਦੀ ਸਮਾਪਤੀ ਹੁੰਦੀ ਹੈ।

**ਆਰਤੀ** :-ਆਰਤੀ ਭਾਰਤੀ ਲੋਕ ਧਰਮਾਂ ਵਿੱਚ ਪ੍ਰਸਿੱਧ ਰੀਤ ਹੈ, ਜਿਸ ਅਧੀਨ ਥਾਲ ਵਿੱਚ,ਧੂਪ, ਦੀਪ, ਚਵਰ, ਫ਼ੁੱਲ, ਆਦਿ ਵਸਤਾਂ ਪਾ ਕੇ ਅਰਾਧਨਾਮਈ ਗੀਤਾਂ ਨਾਲ ਇਸ਼ਟ ਦੇਵ ਦੀ ਆਰਤੀ ਉਤਾਰੀ ਜਾਂਦੀ ਹੈ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਆਰਤੀ ਰਾਗ ਧਨਾਸਰੀ ਅੰਤਰਗਤ ਦਰਜ਼ ਹੈ। ਗੁਰਬਾਣੀ ਅਨੁਸਾਰ ਬਾਕੀ ਧਰਮਾਂ ਨਾਲੋਂ ਆਰਤੀ ਭਿੰਨ ਹੈ। ਇਸ ਵਿੱਚ ਸੰਸਾਰਿਕ ਵਸਤੂਆਂ ਦੀ ਥਾਂ ਬ੍ਰਹਿਮੰਡ ਵਿੱਚ ਹੋ ਰਹੀ ਪ੍ਰਮਾਤਮਾ ਦੀ ਆਰਤੀ ਦਾ ਚਿਤ੍ਰਣ ਹੈ। ਇਤਿਹਾਸ ਨੂੰ ਵਾਚਣ ਤੋਂ ਪਤਾ ਚਲਦਾ ਹੈ ਕਿ 1510-12 ਈਸਵੀ ਵਿੱਚ ਜਗਨਨਾਥਪੁਰੀ ਦੇ ਮੰਦਰ ਵਿੱਚ ਹੋ ਰਹੀ ਆਰਤੀ ਨੂੰ ਪਾਖੰਡ ਮੰਨਦਿਆਂ ਹੋਇਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰਤੀ ਦੀ ਰਚਨਾ ਕੀਤੀ।[18]

**ਆਸਾ ਦੀ ਵਾਰ** :-ਵਾਰ ਪੰਜਾਬ ਦੇ ਲੋਕ ਸੰਗੀਤ ਦਾ ਅਟੁੱਟ ਅੰਗ ਹੈ ਜਿਸ ਵਿੱਚ ਬਹਾਦਰ ਯੋਧਿਆਂ ਦੀ ਲੜਾਈ, ਸੂਰਬੀਰਤਾ ਨੂੰ ਸੰਗੀਤਮਈ ਪ੍ਰਸਤੁਤੀ ਦੁਆਰਾ ਪੇਸ਼ ਕੀਤਾ ਗਿਆ ਹੈ। ਇਸ ਦੇ ਗਾਇਕਾਂ ਨੂੰ 'ਢਾਡੀ'ਕਿਹਾ ਜਾਂਦਾ

ਹੈ, ਜਿਹੜੇ ਵਾਰਾਂ ਨੂੰ ਸੰਬੰਧਿਤ ਇਲਾਕਾਈ ਧੁਨਾਂ ਅਨੁਸਾਰ ਗਾਇਨ ਕਰਦੇ ਹਨ। ਵਾਰ ਬੀਰ ਰਸ ਨਾਲ ਭਰਪੂਰ ਹੋਣ ਕਾਰਣ ਇਸਦਾ ਗਾਇਨ ਬੁਲੰਦ ਆਵਾਜ਼ ਵਿੱਚ ਵਧੇਰੇ ਕਰਕੇ ਤਾਰ ਸਪਤਕ ਵਿੱਚ ਕੀਤਾ ਜਾਂਦਾ ਹੈ। ਵਾਰਾਂ ਦੇ ਗਾਇਨ ਲਈ ਸਾਰੰਗੀ ਅਤੇ ਢੱਡ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਆਸਾ ਦੀ ਵਾਰ'ਵਿੱਚ ਸਮਾਜਿਕ, ਧਾਰਮਿਕ, ਸਦਾਚਾਰਕ,ਰਾਜਨੀਤਿਕ, ਸਭਿਆਚਾਰਕ ਅਧੋਗਤੀ ਕੁਰੀਤੀਆਂ ਆਦਿ ਉਪਰ ਕਰੜੀ ਅਲੋਚਨਾ ਕੀਤੀ ਹੈ। ਇਹ ਬਾਣੀ ਸੁਧਾਰਕ ਤੇ ਇਨਕਲਾਬੀ ਦੇ ਨਾਲ-ਨਾਲ ਗੁਰੂ ਮਹਿਮਾ ਅਤੇ ਗੁਰੂ ਵਿਸ਼ਵਾਸ਼ ਦਾ ਚਾਨਣ ਮੁਨਾਰਾ ਹੈ। ਬਾਣੀ ਉਪਰ ਗਾਇਨ ਸੰਬੰਧੀ ਉਸ ਸਮੇਂ ਪ੍ਰਚੱਲਿਤ ਟੁੰਡੇ ਅਸਰਾਜੈ ਦੀ ਧੁਨ ਦੇ ਸੰਕੇਤ ਤੋਂ ਵਾਰ ਦੀ ਪ੍ਰਾਚੀਨਤਾ ਤੇ ਲੋਕ ਪ੍ਰਿਯਤਾ ਬਾਰੇ ਪਤਾ ਲਗਦਾ ਹੈ। ਵਾਰ ਉਪਰ ਲੋਕ ਧੁਨ ਦੇ ਨਾਲ ਰਾਗ,ਘਰੁ ਆਦਿ ਸੰਕੇਤ ਸਿਰਲੇਖ ਰੂਪ ਵਿੱਚ ਵਿਦਮਾਨ ਸ਼ਾਸਤਰੀ ਅਤੇ ਲੋਕ ਸੰਗੀਤ ਦਾ ਸੁਮੇਲ ਦਰਸਾਉਂਦਾ ਹੈ। ਇਨ੍ਹਾਂ ਦਾ ਗਾਇਨ ਕਰਨਾ ਕੋਈ ਸਹਿਜ ਕਾਰਜ ਨਹੀ। ਆਸਾ ਦੀ ਵਾਰ ਦਾ ਗਾਇਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਹੈ ਜੋ ਸੀਨਾ-ਬ-ਸੀਨਾ ਅਪਨੇ ਵਿਕਸਤ ਰੂਪ ਵਿੱਚ ਵਰਤਮਾਨ ਸਮੇਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ 15 ਸਲੋਕ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਉਚਾਰੇ 24 ਛੰਤਾਂ ਨੂੰ ਵੀ ਗਾਇਨ ਕਰਨ ਦੀ ਪ੍ਰਥਾ ਹੈ। ਆਸਾ ਦੀ ਵਾਰ ਵਿੱਚ ਪਹਿਲਾਂ ਛੰਤ ਦਾ ਰਾਗ ਆਸਾ ਅੰਤਰਗਤ ਟਕਸਾਲੀ ਢੰਗ ਜੋ ਪਰੰਪਰਾਗਤ ਰੂਪ ਵਿੱਚ ਪ੍ਰਚੱਲਿਤ ਹੈ,ਇਹ ਇਕਤਾਲ 'ਚ ਜਾਂ ਯਕੇ ਵਿੱਚ ਨਿਬੱਧ ਹੈ,ਗਾਇਨ ਕੀਤਾ ਜਾਂਦਾ ਹੈ। ਛੰਤ ਦੇ ਗਾਇਨ ਕਰਨ ਤੋਂ ਬਾਅਦ ਸਲੋਕ ਦਾ ਗਾਇਨ ਸਹਾਇਕ ਵਾਜੇ ਵਾਲਾ ਰਾਗੀ ਆਸਾ ਰਾਗ ਅਧੀਨ ਅਤੇ ਤਾਲ ਤੋਂ ਸੁਤੰਤਰ ਹੋ ਕੇ ਗਾਇਨ ਕਰਦਾ ਹੈ। ਸਲੋਕ ਦੇ ਗਾਇਨ ਤੇ ਰਾਗੀ ਜਿੱਥੇ ਸਰੋਤੇ ਨੂੰ ਗੁਰਬਾਣੀ ਦਾ ਗਿਆਨ ਕਰਵਾਉਂਦੇ ਹਨ ਉਥੇ ਸੰਬੰਧਿਤ ਰਾਗ ਦਾ ਸਰੂਪ ਵੀ ਸਪਸ਼ਟ ਕਰਦੇ ਹਨ। ਇਹ ਸਲੋਕ ਫਿਰ ਵਾਰੋ ਵਾਰੀ ਦੋਵੇਂ ਰਾਗੀ ਪੜ੍ਹਦੇ ਹਨ। ਫਿਰ ਪਉੜੀ ਦਾ ਤਿੰਨੇ ਰਾਗੀ ਮਿਲ ਕੇ ਮੱਧ ਲੈਅ ਵਿੱਚ ਤਾਰ ਸਪਤਕ ਵਿੱਚ ਗਾਇਨ ਕਰਦੇ ਹਨ। ਪਉੜੀ ਲਈ ਖਾਸ ਤਾਲ ਜੋ ਪਉੜੀ ਲਈ ਵਿਸ਼ੇਸ਼ ਹੈ,ਇਸ ਠੇਕੇ ਦੇ ਬੋਲ ਹਨ ਗੇ,ਤਿਟ,ਤਾ ਗੇਤਾ। ਇਸ ਵਿੱਚ ਪਹਿਲੇ 'ਗੇ' ਤੇ ਸਮ ਹੈ। ਪਉੜੀ ਦੀ ਆਖਰੀ ਤੁਕ ਨੂੰ ਵਿਸ਼ੇਸ਼ ਰੂਪ ਵਿੱਚ ਤੋੜਾ ਮਾਰ ਕੇ ਮੁਕਾਇਆ ਜਾਂਦਾ ਹੈ ਅਤੇ ਤੀਸਰੀ ਵਾਰ ਇਕ ਮਾਤ੍ਰਾ ਵਧਾ ਕੇ ਸਮਾਪਤੀ ਕੀਤੀ ਜਾਂਦੀ ਹੈ।

**ਕੀਰਤਨ ਕੇਂਦਰ** :-

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕਰਤਾਰਪੁਰ ਸਾਹਿਬ (ਜੋ ਅੱਜ ਕਲ੍ਹ ਪਾਕਿਸਤਾਨ ਵਿੱਚ ਹੈ) ਨੂੰ ਕੀਰਤਨ ਕੇਂਦਰ ਵਜੋਂ ਸਥਾਪਿਤ ਕੀਤਾ, ਇਸਦੀ ਮਹਿਮਾ ਸੰਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਫੁਰਮਾਨ ਹੈ :-

ਕਰਤਾਰ ਪੁਰਿ ਕਰਤਾ ਵਸੈ ਸੰਤਨ ਕੈ ਪਾਸਿ ॥

(ਬਿਲਾਵਲੁ ਮਹਲਾ ੫, ਆਦਿ ਗ੍ਰੰਥ, ਪੰਨਾ 816)

ਕਰਤਾਰਪੁਰ ਵਿਖੇ ਸਵੇਰੇ ਸ਼ਾਮ ਗੁਰਬਾਣੀ ਕੀਰਤਨ ਕੀਤਾ ਜਾਂਦਾ ਸੀ। ਜਿਸ ਬਾਰੇ ਭਾਈ ਗੁਰਦਾਸ ਜੀ ਨੇ ਵੀ ਕਿਹਾ ਹੈ :

ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ ॥

ਗੁਰਮੁਖਿ ਭਾਰ ਅਥਰਬਣ ਹਾਰਾ ॥

(ਭਾਈ ਗੁਰਦਾਸ ਦੀਆਂ ਵਾਰਾਂ,ਵਾਰ38,ਪਉੜੀ ੧)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧੁਰ ਕੀ ਬਾਣੀ ਨੂੰ ਸੰਚਾਰਿਤ ਕਰਨ ਹਿਤ ਜਿਥੇ ਕਾਵਿ ਦਾ ਪ੍ਰਯੋਗ ਕੀਤਾ ਉਥੇ ਬਾਣੀ ਦੇ ਭਾਵਾਂ ਨੂੰ ਪ੍ਰਗਟਾਉਣ ਲਈ ਸੰਗੀਤ ਦਾ ਵਿਸ਼ੇਸ਼ ਉਤੱਮ ਸੰਗੀਤ ਪ੍ਰਬੰਧ ਸਹਿਤ ਭਰਪੂਰ ਇਸਤੇਮਾਲ ਕੀਤਾ ਅਤੇ ਵਿਵਹਾਰਕ ਕ੍ਰਮ ਦ੍ਰਿੜਾਇਆ ਜੋ ਸੀਨਾ-ਬ-ਸੀਨਾ ਨਿਰੰਤਰ ਵਿਕਾਸ ਅਧੀਨ ਹੈ।

ਹਵਾਲੇ ਅਤੇ ਟਿਪਣੀਆਂ

1. ਖਸਮੈ ਕੈ ਦਰਬਾਰਿ ਢਾਢੀ ਵਸਿਆ । (ਆਦਿ ਗ੍ਰੰਥ, ਪੰਨਾ 148)

2. ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭ ਹੁਕਮਾਉ ਜੀਉ ॥ (ਆਦਿ ਗ੍ਰੰਥ, ਪੰਨਾ 763)
3. ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ ॥ (ਆਦਿ ਗ੍ਰੰਥ, ਪੰਨਾ 660)
4 ਖਾਲਕ ਕਉ ਆਦੇਸੁ ਢਾਢੀ ਗਾਵਣਾ ॥ (ਆਦਿ ਗ੍ਰੰਥ, ਪੰਨਾ 148)
5. ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ ॥ (ਆਦਿ ਗ੍ਰੰਥ, ਪੰਨਾ 722)
6. ਭਾਈ ਗੁਰਦਾਸ ਦੀਆਂ ਵਾਰਾਂ,ਵਾਰ 11 ਵੀਂ ,ਪਉੜੀ 13 ਵੀਂ
7. --------ਉਹੀ-------,ਵਾਰ ਪਹਿਲੀ, ਪਉੜੀ 35 ਵੀਂ
8. ਭਾਈ ਕਾਨ੍ਹ ਸਿੰਘ ਨਾਭਾ ,ਗੁਰਸ਼ਬਦ ਰਤਨਾਕਰ-ਮਹਾਨ ਕੋਸ਼,ਪੰਨਾ 816.
9. ਉਦਾਸੀ ਕੀ ਰਤਿ ਚਲਾਈ ॥ ਚੜ੍ਹਿਆ ਸੋਧਣ ਧਰਤ ਲੁਕਾਈ ॥
ਭਾਈ ਗੁਰਦਾਸ ਦੀਆਂ ਵਾਰਾਂ,ਵਾਰ 1,ਪਉੜੀ 24 ਵੀਂ
10. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਟੀਕ (ਫਰੀਦਕੋਟੀ ਵਾਲਾ ਟੀਕਾ) ਪੰਨਾ 126
11. ਗੁਰਬਾਣੀ ਦੇ ਰਾਗ ਸੰਬੋਧ ਅਤੇ ਸਾਰਥਕਤਾ , ਪੰਨਾ 43.
12. Gurnam Singh (Dr.) Musicological Study of Guru Nanak Bani, page126
13. ਗੁਰ ਗ੍ਰੰਥ ਕੋਸ਼, ਪੰਨਾ 302.
14. ਮਹਾਨ ਕੋਸ਼, ਪੰਨਾ 441.
15. ਭਾਈ ਵੀਰ ਸਿੰਘ ,ਸੰਥਯਾ: ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪਹਿਲੀ ) ਪੰਨਾ 182.
16. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪਹਿਲੀ ) ਪੰਨਾ 74.
17. ਨਿਬੰਧ ਸੰਗੀਤ ,ਪੰਨਾ 557-558.
18. ਪਦਮ ਪਿਆਰਾ ਸਿੰਘ,ਆਦਿ ਗ੍ਰੰਥ ਦਾ ਸੰਗੀਤ ਪ੍ਰਬੰਧ,ਨਾਨਕ ਪ੍ਰਕਾਸ਼ ਪਤ੍ਰਿਕਾ,ਪੰਜਾਬੀ ਯੂਨੀ.ਪਟਿਆਲਾ

ਐਸੋਸੀਏਟ ਪ੍ਰੋਫੈਸਰ, ਸੰਗੀਤ ਵਿਭਾਗ, ਗੌਰਮਿੰਟ ਕਾਲਜ, ਰੋਪੜ, ਮੋਬਾ: 96460 74400

Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/- )

CHD 2723333 SALAD BAR 2723222
PKL 2579888 MOH 2264300



CONTAINS NO FRUIT / CONTAINS ADDED FLAVOUR

SCO 76-79,(First Floor) Sector 17-E, Chandigarh. Tel: 272322, 2723111, 2704858

PEPSI

# ਸੰਗੀਤ ਪ੍ਰਕਾਸ਼ਨਾਵਾਂ ਦਾ ਇਤਿਹਾਸ ਅਤੇ ਵਿਕਾਸ

**ਰਿਸ਼ਪਾਲ ਸਿੰਘ**

ਕਿਸੇ ਵੀ ਸੱਭਿਅਤਾ ਜਾਂ ਸੰਸਕ੍ਰਿਤੀ ਦਾ ਦਰਪਣ ਉਸ ਦਾ ਵਿਰਸਾ ਹੁੰਦਾ ਹੈ ਅਤੇ ਉਸ ਸੰਸਕ੍ਰਿਤੀ, ਸੱਭਿਅਤਾ ਅਤੇ ਸੱਭਿਆਚਾਰ ਨੂੰ ਕਾਇਮ ਰੱਖਣ ਲਈ ਸਭ ਤੋਂ ਵਧੇਰੇ ਮਹੱਤਵਪੂਰਨ ਭੂਮਿਕਾ ਗ੍ਰੰਥਾਂ ਦੀ ਹੀ ਹੁੰਦੀ ਹੈ। ਜੇਕਰ ਕਿਸੇ ਸੰਸਕ੍ਰਿਤੀ ਅਤੇ ਵਿਰਸੇ ਦੇ ਪਿਛੋਕੜ ਬਾਰੇ ਵਿਸਤਾਰ ਸਹਿਤ ਜਾਨਣਾ ਹੋਵੇ ਤਾਂ ਉਸ ਸੰਸਕ੍ਰਿਤੀ ਨਾਲ ਸਬੰਧਿਤ ਗ੍ਰੰਥਾਂ ਦਾ ਅਧਿਐਨ ਮੁੱਖ ਸਰੋਤ ਵਜੋਂ ਅਵਸ਼ਕ ਹੁੰਦਾ ਹੈ । ਭਾਰਤੀ ਪਰੰਪਰਾ ਵਿੱਚ ਸੰਗੀਤ ਨੂੰ ਗੁਰਮੁੱਖੀ ਵਿਦਿਆ ਦਾ ਸਥਾਨ ਹਾਸਿਲ ਹੈ। ਆਰੰਭ ਤੋਂ ਹੀ ਸੰਗੀਤ ਦੀ ਸਿਖਿਆ ਗੁਰੂ-ਸ਼ਿਸ਼ ਪਰੰਪਰਾ ਦੇ ਪਵਿੱਤਰ ਬੰਧਨ ਅਨੁਸਾਰ ਦਿੱਤੀ ਜਾਂਦੀ ਰਹੀ ਹੈ, ਜਿਸ ਵਿੱਚ ਸੰਗੀਤ ਦਾ ਕਿਰਿਆਤਮਕ ਪੱਖ ਪ੍ਰਬਲ ਰਿਹਾ ਹੈ। ਸੰਗੀਤ ਬੇਸ਼ੱਕ ਇੱਕ ਕਿਰਿਆਤਮਕ ਕਲਾ ਹੈ ਪਰੰਤੂ ਸਿਧਾਂਤਿਕ ਪੱਖ ਤੋਂ ਬਿਨਾਂ ਕਿਸੇ ਵੀ ਪਰੰਪਰਾ ਦੀ ਪਹਿਚਾਣ ਗੁਆਚਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਭਾਰਤੀ ਸੰਗੀਤ ਵਿੱਚ ਸਿਧਾਂਤਕ ਪੱਖ ਦੀ ਸਾਂਭ ਸੰਭਾਲ ਹਿਤ ਗ੍ਰੰਥ ਲਿਖਣ ਦੀ ਪਰੰਪਰਾ ਪ੍ਰਚਲਿਤ ਰਹੀ ਹੈ।

ਪ੍ਰਾਚੀਨ ਸਮੇਂ ਵਿੱਚ ਸਭ ਤੋਂ ਪਹਿਲਾ ਜਿਕਰ ਵੇਦਾਂ ਦਾ ਆਉਂਦਾ ਹੈ ਜੋ ਭਾਰਤੀ ਸੰਸਕ੍ਰਿਤੀ, ਸੱਭਿਅਤਾ ਅਤੇ ਲਲਿਤ ਕਲਾਵਾਂ ਦਾ ਮੂਲ ਅਧਾਰ ਹਨ। ਸਾਮਵੇਦ ਪੂਰਨ ਰੂਪ ਵਿੱਚ ਗੇਯ (ਗਾਇਆ ਜਾ ਸਕਣ ਵਾਲਾ) ਗ੍ਰੰਥ ਹੈ। ਇਸ ਤੋਂ ਬਾਦ ਰਮਾਇਣ, ਮਹਾਂਭਾਰਤ, ਭਗਵਤਗੀਤਾ ਅਤੇ ਹੋਰ ਬਹੁਤ ਸਾਰੇ ਮਹਾਂਕਾਵਿਆਂ ਦੀ ਰਚਨਾ ਹੋਈ, ਜਿਸ ਦੇ ਨਤੀਜੇ ਵਜੋਂ ਅੱਜ ਅਸੀਂ ਆਪਣੇ ਅਮੀਰ ਵਿਰਸੇ ਅਤੇ ਵਿਰਾਸਤ ਨੂੰ ਸਾਂਭਣ ਵਿੱਚ ਸਫਲ ਰਹੇ ਹਾਂ। ਸੰਗੀਤ ਭਾਰਤੀ ਸੱਭਿਅਤਾ ਦਾ ਹਮੇਸ਼ਾ ਅਨਿੱਖੜਵਾਂ ਅੰਗ ਰਿਹਾ ਹੈ ਇਸ ਕਰਕੇ ਇਸ ਮਹਾਨ ਕਲਾ ਦੀ ਸਾਂਭ-ਸੰਭਾਲ ਲਈ ਆਰੰਭ ਤੋਂ ਹੀ ਯਤਨ ਹੁੰਦੇ ਰਹੇ ਹਨ। ਅਧਿਆਤਮਕ ਕਾਵਿ ਤੋਂ ਬਾਅਦ ਸੰਗੀਤ ਸਬੰਧੀ ਮੁੱਢਲੀਆਂ ਸੰਸਕ੍ਰਿਤ ਪ੍ਰਕਾਸ਼ਨਾਵਾਂ ਵਿੱਚ ਭਰਤ ਕ੍ਰਿਤ ਨਾਟਿਅ-ਸ਼ਾਸ਼ਤਰ (200 ਤੋਂ 400 ਈ. ਪੂਰਵ) ਦਾ ਨਾਮ ਵਿਸ਼ੇਸ਼ ਰੂਪ ਵਿੱਚ ਵਰਨਣਯੋਗ ਹੈ। ਕਾਲਾਂਤਰ ਵਿੱਚ ਭਾਰਤੀ ਸੰਗੀਤ ਦੀ ਗ੍ਰੰਥ ਲੇਖਣ ਪਰੰਪਰਾ ਨਾਰਦੀਆ ਸ਼ਿਕਸ਼ਾ (ਨਾਰਦ, 7ਵੀਂ ਸ਼ਤਾਬਦੀ); ਬ੍ਰਿਹਿਦੇਸ਼ੀ (ਮਤੰਗ ਮੁਨੀ, 8ਵੀਂ ਸ਼ਤਾਬਦੀ); ਸੰਗੀਤ ਮਕਰੰਦ (ਨਾਰਦ, 8ਵੀਂ ਸ਼ਤਾਬਦੀ); ਗੀਤ ਗੋਵਿੰਦ ( ਜੈ ਦੇਵ, 12ਵੀਂ ਸ਼ਤਾਬਦੀ); ਸੰਗੀਤ ਰਤਨਾਕਰ (ਸ਼ਾਰੰਗਦੇਵ, 13ਵੀਂ ਸ਼ਤਾਬਦੀ ਦਾ ਉਤਰ-ਅਰਧ), ਸਵਰਮੇਲਕਲਾਨਿਧੀ (ਰਾਮਾਮਾਤਿਆ, 1550); ਰਾਗ ਤਰੰਗਿਣੀ (ਲੋਚਨ, 14ਵੀ ਸ਼ਤਾਬਦੀ), ਰਾਗਮਾਲਾ,ਰਾਗ ਮੰਜਰੀ,ਸਦਰਾਗ-ਚੰਦ੍ਰੋਦਯ (ਪੁੰਡਰੀਕ ਵਿੱਠਲ 1600 ਈ.); ਹਿਰਦੈ ਕੌਤੁਕ, ਹਿਰਦੈ

ਪ੍ਰਕਾਸ਼ (ਹਿਰਦੈ ਨਰਾਇਣ ਦੇਵ, 16ਵੀਂ ਸ਼ਤਾਬਦੀ.); ਰਾਗ ਵਿਬੋਧ (ਸੋਮ ਨਾਥ, 1610), ਸੰਗੀਤ ਪਾਰਿਜਾਤ (ਅਹੋਬਲ, 1665 ਈ.), ਅਨੂਪ ਸੰਗੀਤ ਵਿਲਾਸ, ਅਨੂਪ ਸੰਗੀਤ ਰਤਨਾਕਰ, ਅਨੂਪਾਕੁੰਸ਼ (ਭਾਵ ਭੱਟ, 1674-1704); ਚਤੁਰਦੰਡੀਪ੍ਰਕਾਸ਼ਿਕਾ (ਪੰਡਿਤ ਵਿਅੰਕਟਮਖੀ, 1650), ਸੰਗੀਤ ਦਰਪਣ (ਦਮੋਦਰ,17ਵੀਂ ਸ਼ਤਾਬਦੀ), ਰਾਗ ਤੱਤਵ ਵਿਬੋਧ (ਸ਼੍ਰੀ ਨਿਵਾਸ 18ਵੀਂ ਸ਼ਤਾਬਦੀ); ਨਗਮਾਤੇ ਆਸਫੀ (ਮੁਹੰਮਦ ਰਜਾ, 1813 ਈ.), ਸੰਗੀਤ ਰਾਗਕਲਪਦਰੁਮ (ਕ੍ਰਿਸ਼ਨਾਨੰਦ 1842) ਆਦਿ ਮੁੱਲਵਾਨ ਗ੍ਰੰਥਾਂ ਸਦਕਾ ਵੱਧੀ ਫੁੱਲੀ।

ਆਧੁਨਿਕ ਯੁੱਗ ਵਿੱਚ ਬਹੁਤ ਸਾਰੀਆਂ ਖੇਤਰੀ ਭਾਸ਼ਾਵਾਂ ਵਿੱਚ ਪੁਸਤਕਾਂ ਦਾ ਪ੍ਰਕਾਸ਼ਨ ਹੋਣਾ ਆਰੰਭ ਹੋ ਗਿਆ। ਹਿੰਦੀ ਅਤੇ ਪੰਜਾਬੀ ਭਾਸ਼ਾਵਾਂ ਦੇ ਨਾਲ-ਨਾਲ ਕੁੱਝ ਯੁਰੋਪੀਅਨ ਵਿਦਵਾਨਾਂ ਨੇ ਵੀ ਭਾਰਤੀ ਸ਼ਾਸ਼ਤਰੀ ਸੰਗੀਤ ਦਾ ਅਧਿਐਨ ਕਰਕੇ ਅੰਗਰੇਜੀ ਭਾਸ਼ਾ ਵਿੱਚ ਪੁਸਤਕਾਂ ਦੀ ਰਚਨਾ ਕੀਤੀ ਜਿਵੇਂ ਸੁਪ੍ਰਸਿੱਧ ਪੱਛਮੀ ਵਿਦਵਾਨਾਂ ਵਿੱਚੋਂ Alain Danielou ਨੇ An Introduction to the study of music Scales, Fox Strangways ਨੇ The Music of Hindustan (1913) N.A Williard ਨੇ A Treatise on the Music of Hindustan, William Jones ਨੇ Musical modes of Hindus, ਅਤੇ E. Clements ਨੇ Introduction to the study of Indian Music (1912), ਨਾਮਕ ਪੁਸਤਕਾਂ ਦੀ ਰਚਨਾ ਕੀਤੀ। ਇਸ ਤੋਂ ਇਲਾਵਾ ਭਾਰਤੀ ਵਿਦਵਾਨਾਂ ਵਿੱਚੋਂ G.H Ranadey ਨੇ Hindustani Music, V.R Deshpande ਨੇ Indian Musical Traditions, S.N Ratanjankar ਨੇ Dhrupad Gayaki ki samasyayen ਅਤੇ Sumati Mutatkar ਨੇ Evolution of Indian Music ਆਦਿ ਪੁਸਤਕਾਂ ਦੀ ਰਚਨਾ ਅੰਗਰੇਜੀ ਭਾਸ਼ਾ ਵਿੱਚ ਕੀਤੀ।

ਹਿੰਦੀ ਭਾਸ਼ਾਈ ਪੁਸਤਕਾਂ ਵਿੱਚ ਸਭ ਤੋਂ ਪਹਿਲਾਂ ਉਸਤਾਦ ਮੌਲਾਬਖਸ਼ ਨੇ 1888 ਈ. ਵਿੱਚ 'ਸੰਗੀਤਾਨੁਭਵ' ਨਾਮਕ ਪੁਸਤਕ ਦੀ ਰਚਨਾ ਕੀਤੀ, ਜਿਸ ਵਿੱਚ ਸੰਗੀਤ ਲੇਖਨ ਅਤੇ ਸੁਰ ਲੇਖਨ ਪੱਧਤੀ ਦਾ ਵਿਵਰਣ ਹੈ। 1888 ਈ. ਵਿੱਚ ਹੀ ਮੁਰਤਜਾ ਖਾਂ ਮੌਲਾਬਖਸ਼ ਕ੍ਰਿਤ 'ਸੰਗੀਤ ਸਲਾਮਾਂਚਾਲਤੀ ਗਾਇਨ' ਅਲਾਉਦੀਨ ਮੌਲਾਬਖਸ਼ ਕ੍ਰਿਤ 'ਸਿਤਾਰ ਸ਼ਿਕਸ਼ਾ' ਅਤੇ ਉਸਮਾਨ ਖਾਂ ਕ੍ਰਿਤ 'ਤਾਲ ਪੱਧਤੀ' ਪੁਸਤਕਾਂ ਦਾ ਪ੍ਰਕਾਸ਼ਨ ਹੋਇਆ। ਰਾਮਸੰਕਰ ਭੱਟਾਚਾਰੀਆ ਦੇ ਸ਼ਿਸ਼ ਕਸ਼ੇਤਰ ਮੋਹਨ ਗੋਸੁਆਮੀ ਨੇ ਹਿੰਦੁਸਤਾਨੀ ਸੰਗੀਤ ਉੱਪਰ ਇਕ ਪੁਸਤਕ ਲਿਖੀ ਅਤੇ ਨਵੀਨ ਹਿੰਦੁਸਤਾਨੀ ਸੁਰ ਲਿਪੀ ਦਾ ਅਵਿਸ਼ਕਾਰ ਕੀਤਾ। ਪੰਡਿਤ ਭਾਤਖੰਡੇ ਨੇ 1899 ਈ. ਵਿੱਚ 'ਸ਼੍ਰੀਮੱਲਲਕਸ਼ਯਸੰਗੀਤਮ' ਨਾਮਕ ਗ੍ਰੰਥ ਸੰਸਕ੍ਰਿਤ ਭਾਸ਼ਾ ਵਿੱਚ ਲਿਖਿਆ ਅਤੇ 'ਚਤੁਰ' ਉਪਨਾਮ ਹੇਠ ਪ੍ਰਕਾਸ਼ਿਤ ਕਰਵਾਇਆ। ਪੰਡਿਤ ਭਾਤਖੰਡੇ ਨੇ ਗ੍ਰੰਥਾਂ ਦੀ ਮਹੱਤਤਾ ਨੂੰ ਸਮਝਦੇ ਹੋਏ ਪ੍ਰਾਚੀਨ ਵਿਦਵਾਨਾਂ ਦੇ ਲਿਖੇ ਗ੍ਰੰਥਾਂ (ਸਵਰਮੇਲਕਲਾਨਿਧੀ, ਸੰਗੀਤ ਪਰਿਜਾਤ, ਰਾਗ ਵਿਬੋਧ) ਦਾ ਹੋਰ ਭਾਸ਼ਾਵਾਂ ਵਿੱਚ ਰੂਪਾਂਤਰ ਕਰਕੇ ਪ੍ਰਕਾਸ਼ਿਤ ਕਰਵਾਇਆ ਤਾਂ ਜੋ ਇਹ ਸੋਮਾ ਆਓਣ

ਵਾਲੀਆਂ ਪੀੜ੍ਹੀਆਂ ਲਈ ਸਾਂਭਿਆ ਜਾ ਸਕੇ।

ਸਮੇਂ-ਸਮੇਂ ਅਨੁਸਾਰ ਸੰਗੀਤ ਦੇ (ਸਿਧਾਂਤਿਕ ਅਤੇ ਕਿਰਿਆਤਮਕ) ਦੋਵਾਂ ਪੱਖਾਂ ਨਾਲ ਸਬੰਧਿਤ ਪੁਸਤਕਾਂ ਦਾ ਪ੍ਰਕਾਸ਼ਨ ਹੁੰਦਾ ਰਿਹਾ। ਸੰਗੀਤ ਦੇ ਸਿਧਾਂਤਿਕ ਪੱਖ ਨਾਲ ਸਬੰਧਿਤ ਉਦਾਹਰਣ ਵਜੋਂ ਵਾਸੁਦੇਵ ਸਾਸ਼ਤਰੀ ਨੇ ਸੰਗੀਤ ਸਾਸ਼ਤਰ (1958), ਡਾ. ਸ਼ਰਤਚੰਦਰ ਪਰਾਂਜਏ ਨੇ ਸੰਗੀਤ ਬੋਧ (1972), ਪ੍ਰੋ.ਲਲਿਤ ਕਿਸ਼ੋਰ ਸਿੰਘ ਨੇ ਧਵਨੀ ਔਰ ਸੰਗੀਤ (1972), ਅਚਾਰੀਅ ਬ੍ਰਹਸਪਤੀ ਨੇ ਸੰਗੀਤ ਚਿੰਤਾਮਣੀ (1989),ਡਾ. ਸੁਨੰਦਾ ਪਾਠਕ ਨੇ ਹਿੰਦੁਸਤਾਨੀ ਸੰਗੀਤ ਨੇਂ ਰਾਗ ਕੀ ਉਤਪਤੀ ਵ ਵਿਕਾਸ (1989), ਪੰਡਿਤ ਵਿਸ਼ਨੂੰ ਦਿਗੰਬਰ ਪਲੁਸਕਰ ਨੇ 'ਸੰਗੀਤ ਬਾਲਬੋਧ'; 'ਸੰਗੀਤ ਤੱਤਵ ਦਰਸ਼ਨ; ਪੰਡਿਤ ਵਿਸ਼ਨੂੰ ਦਿਗੰਬਰ ਪਲੁਸਕਰ ਦੇ ਸ਼ਿਸ਼ ਪੰਡਿਤ ਵਿਨਾਇਕ ਰਾਉ ਪਟਵਰਧਨ ਨੇ 'ਨਾਟਯ ਸੰਗੀਤ ਪ੍ਰਕਾਸ਼'; 'ਸੰਗੀਤ ਪ੍ਰਕਾਸ਼ ਰਾਗ ਵਿਗਿਆਨ' ਅਤੇ 'ਬਾਲ ਸੰਗੀਤ; ਡਾ. ਮਧੂਬਾਲਾ ਸਕਸੇਨਾ ਅਤੇ ਡਾ. ਰਾਕੇਸ ਬਾਲਾ ਸਕਸੇਨਾ ਨੇ ਸੰਗੀਤ ਮਧੂਬਨ (2001), ਡਾ. ਮਾਇਆ ਸਿੰਘ ਟਾਕ ਨੇ ਸੰਗੀਤ ਸੰਪਦਾ (2002) ਅਤੇ ਕਿਰਿਆਤਮਕ ਪੱਖ ਨਾਲ ਸਬੰਧਿਤ ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਨੇ 1910 ਈ. ਵਿੱਚ ਹਿੰਦੁਸਤਾਨੀ ਸੰਗੀਤ ਉੱਪਰ ਅਧਾਰਿਤ 'ਕ੍ਰਮਿਕ ਪੁਸਤਕ ਮਲਿੱਕਾ' ਨਾਮਕ ਗ੍ਰੰਥ ਕ੍ਰਮਵਾਰ ਛੇ ਭਾਗਾਂ ਵਿੱਚ ਪ੍ਰਕਾਸ਼ਿਤ ਕਰਵਾਇਆ ਜੋ ਸੰਗੀਤ ਦੀ ਸੰਸਥਾਗਤ ਸਿਖਿਆ ਪ੍ਰਣਾਲੀ ਨੂੰ ਮੱਦੇਨਜਰ ਰੱਖਦੇ ਹੋਏ ਕਿਰਿਆਤਮਕ ਪੱਖ ਦਾ ਵੱਡਮੁਲਾ ਖਜਾਨਾ ਸਮਝਿਆ ਜਾਂਦਾ ਹੈ। ਇਸੇ ਸਮੇਂ ਦੌਰਾਨ ਪੰਡਤ ਵਿਨਾਇਕ ਰਾਵ ਪਟਵਰਧਨ ਨੇ ਰਾਗ ਵਿਗਿਆਨ (7 ਭਾਗ), ਅਚਾਰੀਅ ਕ੍ਰਿਸ਼ਨ ਨਰਾਇਣ ਰਤਨਜਨਕਰ ਨੇ ਅਭਿਨਵ ਗੀਤ ਮੰਜਰੀ (3 ਭਾਗ), ਜੈ ਦੇਵ ਪੱਤਕੀ ਨੇ ਅਪ੍ਰਚਲਿਤ ਰਾਗ (3 ਭਾਗ), ਪੰਡਤ ਉਂਕਾਰ ਨਾਥ ਠਾਕੁਰ ਨੇ ਸੰਗੀਤਾਂਜਲੀ (5 ਭਾਗ), ਪੰਡਿਤ ਗਣੇਸ਼ ਪ੍ਰਸ਼ਾਦ ਸ਼ਰਮਾ ਨੇ 'ਰਾਗ ਪ੍ਰਵੀਣ' (1962), ਨਰਾਇਣ ਲਕਸ਼ਮਣ ਗੁਣੇ ਨੇ 'ਸੰਗੀਤ ਪ੍ਰਵੀਨਦਰਸ਼ਿਕਾ' (1966), ਜੈ ਸੁਖ ਲਾਲ ਤ੍ਰੀ ਮਿਸ਼ਰ ਨੇ 'ਮਲਹਾਰ,ਸਾਰੰਗ,ਕਾਨ੍ਹੜਾ ਅਤੇ ਭੈਰਵ ਦੇ ਪ੍ਰਕਾਰ' (1969-1991), ਹਰੀਸ਼ਚੰਦਰ ਸ਼੍ਰੀ ਵਾਸਤਵ ਨੇ 'ਰਾਗ ਪਰਿਚੈ' (1966-1993), ਰਾਮਆਸ਼ਰਿਅ ਝਾ ਨੇ 'ਅਭਿਨਵ ਗੀਤਾਂਜਲੀ' (1968-1991), ਅਚਾਰਿਆ ਬ੍ਰਹਸਪਤੀ ਨੇ 'ਰਾਗ ਰਹੱਸਿਆ' (1968) ਆਦਿ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ। ਉਪਰੋਕਤ ਪੁਸਤਕਾਂ ਤੋਂ ਇਲਾਵਾ ਵੀ ਅਨੇਕ ਮਹੱਤਵਪੂਰਣ ਪੁਸਤਕਾਂ ਇਸ ਕਾਲ ਦੌਰਾਨ ਪ੍ਰਕਾਸ਼ਿਤ ਹੋਈਆਂ। ਇਸ ਤੋਂ ਬਾਦ ਪੁਸਤਕ ਲਿਖਣ ਦੀ ਪਰੰਪਰਾ ਨਿਰੰਤਰ ਵਿਕਸਤ ਹੁੰਦੀ ਹੋਈ ਅੱਜ ਆਪਣਾ ਸਮਰਿਧ ਸਾਮਰਾਜ ਸਥਾਪਿਤ ਕਰ ਚੁੱਕੀ ਹੈ।

ਪ੍ਰਾਚੀਨ ਸਮੇਂ ਜਿੱਥੇ ਸੰਸਕ੍ਰਿਤ-ਅਰਬੀ, ਮੱਧਕਾਲ ਅਤੇ ਆਧੁਨਿਕ ਕਾਲ ਤੱਕ ਜਿੱਥੇ ਅੰਗਰੇਜੀ ਅਤੇ ਹਿੰਦੀ ਭਾਸ਼ਾਵਾਂ ਵਿੱਚ ਪੁਸਤਕਾਂ ਦਾ ਪ੍ਰਕਾਸ਼ਨ ਹੋਇਆ ਉੱਥੇ ਪੰਜਾਬੀ ਭਾਸ਼ਾਈ ਸੰਗੀਤ ਪ੍ਰਕਾਸ਼ਨਾਵਾਂ ਸਬੰਧੀ ਮੁੱਢਲੇ ਕਾਰਜ 19ਵੀਂ ਸਦੀ ਦੇ ਅੰਤ ਵਿੱਚ ਸ਼ੁਰੂ ਹੋਏ ਅਤੇ ਇਹਨਾਂ ਦਾ ਪ੍ਰਕਾਸ਼ਿਤ ਰੂਪ 20ਵੀਂ ਸਦੀ ਦੇ ਆਰੰਭ ਵਿੱਚ ਸਾਹਮਣੇ ਆਉਣ ਲੱਗਾ। ਆਰੰਭ ਤੋਂ ਹੀ ਸਮੁੱਚੀ ਪੰਜਾਬੀਅਤ ਸਿੱਖ ਧਰਮ ਦੇ ਅਨੁਆਈ ਹੋਣ ਕਰਕੇ ਸੰਗੀਤ ਨੂੰ ਅਧਿਆਤਮਕ ਰੂਪ ਵਿੱਚ ਸਵੀਕਾਰਦੇ ਆਏ ਹਨ ਜਿਸ ਦੇ ਨਤੀਜੇ ਵਜੋਂ

ਪੰਜਾਬੀ ਭਾਸ਼ਾ ਵਿੱਚ ਸੰਗੀਤ ਦੀਆਂ ਮੁੱਢਲੀਆਂ ਪ੍ਰਕਾਸ਼ਨਾਵਾਂ ਗੁਰਬਾਣੀ ਸੰਗੀਤ ਵਿਧਾ ਦੇ ਅਨੁਕੂਲ ਪ੍ਰਕਾਸ਼ਿਤ ਹੋਈਆਂ। ਗੁਰਬਾਣੀ ਸੰਗੀਤ ਨੂੰ ਆਮ ਹੱਥਾਂ ਵਿੱਚ ਪਹੁੰਚਾਉਣ ਲਈ ਪ੍ਰੋ. ਸੁੰਦਰ ਸਿੰਘ, ਗਿਆਨੀ ਗਿਆਨ ਸਿੰਘ ਐਬਟਾਬਾਦ, ਪ੍ਰੋ. ਗੁਰਦਿਆਲ ਸਿੰਘ, ਸੰਤ ਸਰਵਣ ਸਿੰਘ ਡੁਮੇਲੀ ਵਾਲੇ, ਸੰਤ ਜੁਗਿੰਦਰ ਸਿੰਘ ਸਰਲ, ਮਾਸਟਰ ਨਿਹਾਲ ਸਿੰਘ, ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਰਾਗੀ ਅਤੇ ਪ੍ਰੋ. ਤਾਰਾ ਸਿੰਘ ਵਰਗੇ ਨਾਮੀ ਵਿਦਵਾਨਾਂ ਨੇ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ। ਪ੍ਰਾਪਤ ਹਵਾਲਿਆਂ ਅਨੁਸਾਰ 1913 ਵਿੱਚ ਪ੍ਰੋ. ਸੁੰਦਰ ਸਿੰਘ ਹੁਰਾਂ ਨੇ 'ਹਰਮੋਨਿਯਮ ਕੀਰਤਨ ਸਿਖਿਆ' ਪੁਸਤਕ ਦੀ ਰਚਨਾ ਕੀਤੀ ਜਿਸਨੂੰ ਭਾਈ ਉੱਤਮ ਸਿੰਘ, ਭਾਈ ਗੁਰਚਰਨ ਸਿੰਘ, ਅੰਮ੍ਰਿਤਸਰ ਵਾਲਿਆਂ ਨੇ ਛਾਪਿਆ ਅਤੇ ਇਸ ਪੁਸਤਕ ਦਾ ਮੁੜ-ਪ੍ਰਕਾਸ਼ਨ ਵੀ 1940 ਵਿੱਚ ਭਾਈ ਉੱਤਮ ਸਿੰਘ, ਭਾਈ ਗੁਰਚਰਨ ਸਿੰਘ, ਅੰਮ੍ਰਿਤਸਰ ਵਾਲਿਆਂ ਨੇ ਹੀ ਕੀਤਾ। 1918 ਵਿੱਚ 'ਰਾਗ ਮਾਲਾ ਪ੍ਰਬੋਧ' ਨਾਮਕ ਪੁਸਤਕ ਦੀ ਰਚਨਾ ਭਾਈ ਸਾਹਿਬ ਸਿੰਘ ਨੇ ਕੀਤੀ। 1950 ਤੋਂ ਪਹਿਲਾਂ ਪੰਜਾਬੀ ਭਾਸ਼ਾ ਵਿੱਚ ਸੰਗੀਤ ਕਲਾ ਨਾਲ ਸਬੰਧਿਤ ਕੋਈ ਵੀ ਮੌਲਿਕ ਪੁਸਤਕ ਪ੍ਰਕਾਸ਼ਿਤ ਨਹੀਂ ਹੋਈ। 1958 ਵਿੱਚ  ਸਿੱਖ ਕੀਰਤਨ ਮਰਿਯਾਦਾ ਨਾਲ ਸਬੰਧਿਤ 'ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ' ਕ੍ਰਿਤ ਡਾ. ਭਾਈ ਚਰਨ ਸਿੰਘ ਨਾਮੀ ਪੁਸਤਕ ਦਾ ਹਵਾਲਾ ਵਿਸ਼ੇਸ਼ ਰੂਪ ਵਿੱਚ ਵਰਨਣਯੋਗ ਹੈ। ਇਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਕਾਰਜਰਤ ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ ਅਤੇ ਗਿਆਨੀ ਗਿਆਨ ਸਿੰਘ ਵਲੋਂ 1961 ਵਿੱਚ ਲਿਖੀ ਪੁਸਤਕ 'ਗੁਰਬਾਣੀ ਸੰਗੀਤ' ਗੁਰਬਾਣੀ ਰਸਿਕ ਪ੍ਰੇਮੀਆਂ ਦੇ ਰੂ-ਬ-ਰੂ ਹੋਈ। ਇਸੇ ਸਮੇਂ ਇੱਕ ਹੋਰ ਉਭਰਵਾਂ ਨਾਮ ਸ੍ਰ. ਰਵੇਲ ਸਿੰਘ 'ਰਵੇਲ' ਦਾ ਸਾਹਮਣੇ ਆਉਂਦਾ ਹੈ 'ਜਿਨ੍ਹਾਂ ਨੇ ਵਰਤਮਾਨ ਸਦੀ ਦੇ ਅੱਧ ਵਿੱਚ ਪਟਿਆਲੇ ਤੋਂ ਇੱਕ ਮਾਸਿਕ ਪੱਤਰ ਗੁਰਮਤਿ ਸੰਗੀਤ ਦੇ ਪਾਸਾਰ ਅਤੇ ਪ੍ਰਚਾਰ ਲਈ ਕੱਢਿਆ,.......... ਪਰੰਤੂ ਕਿਧਰੋਂ ਵੀ ਆਰਥਿਕ ਸਹਾਇਤਾ ਨਾ ਮਿਲਣ ਕਾਰਨ ਇਹ ਪੱਤਰ ਛੇਤੀ ਹੀ ਦਮ ਤੋੜ ਗਿਆ। 1971-1972 ਵਿੱਚ ਡਾ. ਅਜੀਤ ਸਿੰਘ ਪੈਂਤਲ ਨੇ 'ਭਾਰਤੀ ਸ਼ਾਸ਼ਤਰੀ ਸੰਗੀਤ ਵਿੱਚ ਸਿੱਖ ਸੰਗੀਤ ਦੀ ਨੁਹਾਰ ਅਤੇ ਮਹੱਤਤਾ' ਦਿੱਲੀ ਤੋਂ ਪ੍ਰਕਾਸ਼ਿਤ ਕਰਵਾਈ। ਇਸੇ ਸਮੇਂ ਸੰਗੀਤ ਦੇ ਪ੍ਰਕਾਸ਼ਨ ਖੇਤਰ ਦਾ ਸਫਲ ਨਾਮ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਹੁਰਾਂ ਦਾ ਸਾਹਮਣੇ ਆਉਂਦਾ ਹੈ। ਪ੍ਰੋ. ਤਾਰਾ ਸਿੰਘ ਹੁਰਾਂ ਦੀ ਰਚਨਾ 'ਸ਼੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ' ਸਿੱਖ ਸੰਸਾਰ ਵਿੱਚ ਆਪਣੇ ਢੰਗ ਦੀ ਪਹਿਲੀ ਦੇਣ ਹੈ। ਇਸ ਪੁਸਤਕ ਨੂੰ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਤੀਜੀ ਸ਼ਤਾਬਦੀ ਸਮੇਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 1977 ਵਿੱਚ ਪ੍ਰਕਾਸ਼ਿਤ ਕੀਤਾ। ਇਸਦੇ ਨਾਲ ਹੀ ਸ਼੍ਰੀ ਗੁਰੂ ਅਮਰਦਾਸ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਨੇ ਲੋਕ ਸੰਪਰਕ ਵਿਭਾਗ ਵਲੋਂ ਪ੍ਰਕਾਸ਼ਿਤ ਕਰਵਾਇਆ। 1977 ਵਿੱਚ ਸ੍ਰ.ਪਿਆਰਾ ਸਿੰਘ ਨੇ 'ਗੁਰਵੰਦਨ ਸੰਗੀਤ' ਸਿਰਲੇਖ ਹੇਠ ਪੁਸਤਕ ਦੀ ਰਚਨਾ ਕੀਤੀ। ਗੁਰਬਾਣੀ ਸੰਗੀਤ ਦੀਆਂ ਪ੍ਰਾਚੀਨ ਸ਼ਬਦ ਰੀਤਾਂ ਦੀ ਰਿਕਾਰਡਿੰਗ ਨੂੰ ਸੁਰਲਿਪੀਆਂ ਵਿੱਚ ਤਬਦੀਲ ਕਰਕੇ ਭਾਈ ਅਵਤਾਰ ਸਿੰਘ ਅਤੇ ਭਾਈ ਗੁਰਚਰਨ ਸਿੰਘ ਨੇ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਸਿਰਲੇਖ ਹੇਠ ਇੱਕ ਪੁਸਤਕ ਦੀ ਰਚਨਾ ਕੀਤੀ ਜਿਸਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 1979 ਵਿੱਚ ਪ੍ਰਕਾਸ਼ਿਤ ਕਰਵਾਇਆ। 1979 ਵਿੱਚ ਹੀ ਪ੍ਰੋ.

ਗੁਰਦਿਆਲ ਸਿੰਘ ਕ੍ਰਿਤ 'ਰਾਗ ਪ੍ਰਬੋਧ' ਅਤੇ ਸੰਤ ਜੁਗਿੰਦਰ ਸਿੰਘ ਸਰਲ ਕ੍ਰਿਤ 'ਹਰੀ ਕੀਰਤਨ ਸਿੱਖਿਆ' ਨਾਮਕ ਪੁਸਤਕਾਂ ਦਾ ਪ੍ਰਕਾਸ਼ਨ ਹੋਇਆ। 1982 ਵਿੱਚ ਏ. ਐਸ ਗੋਸਲ ਦੀ 'ਸਿੱਖ ਧਰਮ ਅਤੇ ਸੰਗੀਤ' ਨਾਮਕ ਪੁਸਤਕ ਪੰਜਾਬ ਸਰਕਾਰ ਵਲੋਂ ਸਥਾਪਿਤ ਯੂਨੀਵਰਸਿਟੀ ਟੈਕਸਟ ਬੋਰਡ ਨੇ ਛਾਪੀ, ਇਸ ਪੁਸਤਕ ਨੂੰ ਸੰਗੀਤ ਦੇ ਉੱਘੇ ਵਿਦਵਾਨ ਪ੍ਰੋ. ਤਾਰਾ ਸਿੰਘ ਹੁਰਾਂ ਨੇ ਸੋਧਿਆ ਹੈ ਅਤੇ ਸੰਪਾਦਕ ਡਾ. ਮੋਹਨ ਸਿੰਘ 'ਰਤਨ' ਦਸੇ ਗਏ ਹਨ।

20ਵੀ. ਸਦੀ ਦੇ ਅੱਧ ਤੋਂ ਬਾਦ ਸੰਗੀਤ ਦੇ ਸੰਸਥਾਗਤ ਸਿੱਖਿਆ ਸੰਸਥਾਵਾਂ ਵਿੱਚ ਵਿਕਸਿਤ ਹੋਣ ਦੇ ਨਾਲ ਬਹੁਤ ਸਾਰੇ ਪ੍ਰਕਾਸ਼ਕਾਂ ਨੇ ਬੁੱਧੀ-ਜੀਵ ਸੰਗੀਤ ਵਿਗਿਆਨੀਆਂ ਦੀਆਂ ਪੰਜਾਬੀ ਭਾਸ਼ਾਈ ਸੰਗੀਤ ਪ੍ਰਕਾਸ਼ਨਾਵਾਂ ਨੂੰ ਭਰਵਾਂ ਹੁੰਗਾਰਾ ਦਿੱਤਾ। ਇਹਨਾਂ ਪ੍ਰਕਾਸ਼ਕਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਕਾਰਜਰਤ ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ; ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ; ਭਾਸ਼ਾ ਵਿਭਾਗ, ਪਟਿਆਲਾ; ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ ਤੋਂ ਵਿਸਮਾਦ ਨਾਦ ਆਦਿ ਦਾ ਯੋਗਦਾਨ ਵਿਸ਼ੇਸ਼ ਰੂਪ ਵਿੱਚ ਵਰਨਣਯੋਗ ਹੈ।

ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਗੁਰਮਤਿ ਸੰਗੀਤ ਨਾਲ ਸਬੰਧਿਤ ਮੁੱਢਲੀਆਂ ਪ੍ਰਕਾਸ਼ਨਾਵਾਂ ਵਿੱਚ ਅਹਿਮ ਯੋਗਦਾਨ ਪਾਇਆ, ਧਰਮ ਪ੍ਰਚਾਰ ਕਮੇਟੀ ਨੇ ਹੁਣ ਤੱਕ 15 ਪੁਸਤਕਾਂ ਨੂੰ ਪ੍ਰਕਾਸ਼ਿਤ ਰੂਪ ਦਿਤਾ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਥਾਪਨਾ 1961 ਦੇ ਪੰਜਾਬ ਐਕਟ ਨੰ. 35 ਦੇ ਤਹਿਤ ਹੋਈ, ਇਸ ਐਕਟ ਦਾ ਮੂਲ ਮੰਤਵ ਪੰਜਾਬੀ ਭਾਸ਼ਾ,ਪੰਜਾਬੀ ਅਧਿਐਨ ਦੀ ਉੱਨਤੀ ਲਈ ਅਤੇ 'ਸਿੱਖਿਆ ਅਤੇ ਦੀਖਿਆ' ਨੂੰ ਮਾਧਿਅਮ ਦੇ ਤੌਰ ਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਜਾਂ ਹੋਰ ਮਾਨਵਕੀ ਅਤੇ ਵਿਗਿਆਨਿਕ ਵਿਸ਼ਿਆਂ ਦੀ ਸਿੱਖਿਆ ਅਤੇ ਖੋਜ ਦੀ ਉੱਨਤੀ ਲਈ ਇਕ ਯੂਨੀਵਰਸਿਟੀ ਸਥਾਪਿਤ ਅਤੇ ਨਿਗਮਤ ਕਰਨ ਲਈ ਪੰਜਾਬ ਦਾ ਐਕਟ ਨੰ. 35 ਪਾਸ ਹੋਇਆ ਜਿਸ ਨੂੰ ਪੰਜਾਬੀ ਯੂਨੀਵਰਸਿਟੀ 1961 ਦਾ ਨਾਮ ਦਿਤਾ ਗਿਆ । 30 ਅਪ੍ਰੈਲ 1962 ਨੂੰ ਇਸ ਐਕਟ ਅਧੀਨ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਹੋਈ। ਪੰਜਾਬੀ ਯੂਨੀਵਰਸਿਟੀ ਦੁਆਰਾ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਅਰੰਭੇ ਯਤਨਾਂ ਅਧੀਨ ਪੰਜਾਬੀ ਭਾਸ਼ਾ ਵਿਭਾਗ ਦੀ ਸਥਾਪਨਾ ਕੀਤੀ ਗਈ। 1961 ਦੇ ਐਕਟ 35 ਅਧੀਨ ਇਹ ਸਹਿਮਤੀ ਹੋਈ ਕਿ ਪੰਜਾਬੀ ਯੂਨੀਵਰਸਿਟੀ ਵਿੱਚ ਸਿੱਖਿਆ ਦਾ ਮਾਧਿਅਮ ਪੰਜਾਬੀ ਭਾਸ਼ਾ ਹੀ ਹੋਵੇਗਾ। ਇਸ ਮੰਤਵ ਦੀ ਪੂਰਤੀ ਲਈ ਪੰਜਾਬੀ ਯੂਨੀਵਰਸਿਟੀ ਨੇ ਧਰਮ, ਫਿਲਾਸਫੀ, ਵਿਗਿਆਨ ਅਤੇ ਕਲਾਵਾਂ ਨਾਲ ਸਬੰਧਿਤ ਪੁਸਤਕਾਂ ਨੂੰ ਪ੍ਰਕਾਸ਼ਿਤ ਕਰਵਾਇਆ। ਪੰਜਾਬੀ ਯੂਨੀਵਰਸਿਟੀ ਦੇ ਅਨੇਕ ਵਿਦਵਾਨਾਂ ਨੇ ਵੀ ਪੰਜਾਬੀ ਭਾਸ਼ਾਈ ਪ੍ਰਕਾਸ਼ਨਾਵਾਂ ਵਿੱਚ ਵਡਮੁੱਲੀ ਸੇਵਾ ਕੀਤੀ ਅਤੇ ਜੇਕਰ ਇਹ ਕਹਿ ਦਿੱਤਾ ਜਾਵੇ ਕਿ ਭਾਰਤ ਦੀਆਂ ਸਾਰੀਆਂ ਯੂਨੀਵਰਸਿਟੀਆਂ ਤੋਂ ਵੱਧ ਮਾਂ ਬੋਲੀ, ਵਿਗਿਆਨ, ਇਤਿਹਾਸ, ਖੋਜ, ਸਵੈ-ਜੀਵਨੀਆਂ, ਜੀਵਨੀਆਂ, ਵਿਆਖਿਆ, ਟੀਕੇ ਅਤੇ ਕੋਸ਼ ਗ੍ਰੰਥ ਲਿਖਣ ਵਿੱਚ ਸਭ ਤੋਂ ਵੱਧ ਯੋਗਦਾਨ ਪਾਇਆ ਹੈ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਸੰਗੀਤ ਵਿਸ਼ੇ ਦੀਆਂ

ਪ੍ਰਕਾਸ਼ਨਾਵਾਂ ਵਿੱਚ ਵੀ ਹੋਰ ਕਿਸੇ ਵੀ ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾ ਨੇ ਆਪਣੀ ਮਾਤ ਭਾਸ਼ਾ ਵਿੱਚ ਇਸ ਪੱਧਰ ਤੱਕ ਪ੍ਰਕਾਸ਼ਨ ਕਰਾਉਣ ਦਾ ਹੌਸਲਾ ਨਹੀਂ ਕੀਤਾ ਜਦਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਹੁਣ ਤੱਕ ਇਸ ਵਿਸ਼ੇ ਦੀਆਂ 51 ਪੁਸਤਕਾਂ ਦਾ ਪ੍ਰਕਾਸ਼ਨ ਕਰਵਾਇਆ ਹੈ। ਪਿਛਲੇ ਵਰ੍ਹੇ ਪ੍ਰੋ. ਤਾਰਾ ਸਿੰਘ ਜੀ ਦੀ ਰਚਨਾ ਵਾਦਨ ਕਲਾ ਦਾ ਮੁੜ-ਪ੍ਰਕਾਸ਼ਨ ਗੁਰਮਤਿ ਪਰਕਾਸਨ ਪਟਿਆਲਾ ਦੁਆਰਾ ਕੀਤਾ ਗਿਆ ਹੈ। ਵਰਤਮਾਨ ਸਮੇਂ ਸੰਗੀਤ ਖੇਤਰ ਨਾਲ ਸਬੰਧਿਤ ਹਰ ਵਿਸ਼ੇ ਉੱਪਰ ਵਿਦਵਾਨਾਂ ਦੀ ਕਲਾ, ਵਿਚਾਰ, ਸ਼ਾਸ਼ਤਰ ਨਾਲ ਸਬੰਧਿਤ ਜਾਣਕਾਰੀ ਪੁਸਤਕਾਂ ਦੇ ਰੂਪ ਵਿੱਚ ਵਿਦਮਾਨ ਹੈ।

ਸੰਗੀਤ ਪ੍ਰਕਾਸ਼ਨਾਵਾਂ ਦੇ ਵਿਕਾਸ ਵਿੱਚ ਜਿਥੇ ਵੱਖ-ਵੱਖ ਪ੍ਰਕਾਸ਼ਨ ਅਦਾਰਿਆਂ ਵਲੋਂ ਪੁਸਤਕਾਂ ਦੇ ਰੂਪ ਵਿੱਚ ਸੰਗੀਤ ਦੇ ਸ਼ਾਸਤਰ ਨੂੰ ਸੰਭਾਲਿਆ ਉੱਥੇ ਇਸ ਵਿਕਾਸ ਵਿੱਚ ਰਸਾਲਿਆਂ ਦਾ ਬਹੁਤ ਵੱਡਾ ਯੋਗਦਾਨ ਹੈ। ਸੰਗੀਤ ਕਲਾ ਨਾਲ ਸਬੰਧਿਤ ਪ੍ਰਮੁੱਖ ਰਸਾਲਿਆਂ ਵਿੱਚੋਂ ਸੰਗੀਤ (ਸੰਗੀਤ ਕਾਰਲਯ, ਹਾਥਰਸ), ਸੰਗੀਤ ਕਲਾ ਵਿਹਾਰ (ਇਲਾਹਾਬਾਦ), Sangeet Natak (Delhi), Indian Musicology Journal (Mumbai), Indian Music Journal (Delhi), ਅੰਮ੍ਰਿਤ ਕੀਰਤਨ (ਚੰਡੀਗੜ੍ਹ), ਵਿਸਮਾਦ ਨਾਦ (ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ), ਸਮਾਜਿਕ ਵਿਗਿਆਨ ਪਤ੍ਰਿਕਾ (ਪੰਜਾਬੀ ਯੂਨੀਵਰਸਿਟੀ ਪਟਿਆਲਾ), ਗੁਰਮਤਿ ਸੰਗੀਤ ਕੀਰਤਨ ਅੰਕ (ਅੰਮ੍ਰਿਤਸਰ), ਗੁਰਮਤਿ ਪ੍ਰਕਾਸ਼ (ਅੰਮ੍ਰਿਤਸਰ), ਸਿੰਘ ਸਭਾ ਪਤ੍ਰਿਕਾ- ਕੀਰਤਨ ਅੰਕ (ਅੰਮ੍ਰਿਤਸਰ) ਆਦਿ ਦੇ ਨਾਮ ਵਿਸ਼ੇਸ਼ ਰੂਪ ਵਿੱਚ ਵਰਨਣਯੋਗ ਹਨ।

ਇਸ ਤੋਂ ਸਪਸ਼ਟ ਹੈ ਕਿ ਭਾਰਤੀ ਸੰਗੀਤ ਵਿੱਚ ਗ੍ਰੰਥ ਲੇਖਨ ਦੀ ਪਰੰਪਰਾ ਪ੍ਰਾਚੀਨ ਸਮੇਂ ਤੋਂ ਹੀ ਵੱਖ-ਵੱਖ ਭਾਸ਼ਾਵਾਂ ਵਿੱਚ ਨਿਰੰਤਰ ਪ੍ਰਵਾਹਿਤ ਹੁੰਦੀ ਆਈ ਹੈ। ਹੋਰ ਭਾਸ਼ਾਵਾਂ ਦੇ ਮੁਕਾਬਲੇ ਭਾਵੇਂ ਪੰਜਾਬੀ ਭਾਸ਼ਾਈ ਸੰਗੀਤ ਪ੍ਰਕਾਸ਼ਨਾਵਾਂ ਦੀ ਅਰੰਭਤਾ ਕਾਫੀ ਦੇਰ ਨਾਲ ਹੋਈ ਪਰੰਤੂ ਸਮੇਂ-ਸਮੇਂ ਸਿਰ ਸੰਗੀਤ ਵਿਦਵਾਨਾਂ, ਲੇਖਕਾਂ ਅਤੇ ਖੋਜਾਰਥੀਆਂ ਨੇ ਆਪਣੇ ਗਿਆਨ ਅਤੇ ਖੋਜ ਨੂੰ ਪੁਸਤਕਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਕਰਵਾਕੇ ਸੰਗੀਤ ਦੇ ਸਿਧਾਂਤਿਕ ਅਤੇ ਕਿਰਿਆਤਮਕ ਪੱਖ ਨੂੰ ਸਾਂਭਣ ਦਾ ਯਤਨ ਕੀਤਾ ਹੈ, ਜੋ ਨਿਰੰਤਰ ਕਾਰਜਸ਼ੀਲ ਹੈ। ਲੋੜ ਹੈ ਪੁਸਤਕਾਂ ਦੀ ਰਚਨਾ ਕਰਦੇ ਸਮੇਂ ਗਿਣਾਤਮਕਤਾ ਦੀ ਜਗ੍ਹਾ ਗੁਣਾਤਮਕਤਾ ਨੂੰ ਤਰਜੀਹ ਦੇਣ ਦੀ।

**ਅਸਿਸਟੈਂਟ ਪ੍ਰੋਫੈਸਰ, ਗੁਰੂ ਨਾਨਕ ਕਾਲਜ, ਬੁਢਲਾਡਾ, ਮੋ: 9915105008**

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

## ਪੰਜਾਬੀ ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਵਿਭਾਗ ਵਲੋਂ 'ਗੁਰਮਤਿ ਸੰਗੀਤ ਤਕਨੀਕੀ ਸ਼ਬਦਾਵਲੀ' ਨੂੰ ਕੀਤਾ ਲੋਕ ਅਰਪਣ...

## -ਪੂਰੀ ਦੁਨੀਆਂ ਵਿਚ ਗੁਰਮਤਿ ਸੰਗੀਤ ਵਿਭਾਗ ਦੇ ਕਾਰਜਾਂ ਕਰਕੇ ਪੰਜਾਬੀ ਯੂਨੀਵਰਸਿਟੀ ਨੂੰ ਮਿਲੀ ਅਲੱਗ ਪਹਿਚਾਣ: ਵਾਈਸ ਚਾਂਸਲਰ

ਪਟਿਆਲਾ 16 ਨਵੰਬਰ : ਗੁਰਮਤਿ ਸੰਗੀਤ ਪਰੰਪਰਾ ਨੂੰ ਅਕਾਦਮਿਕ ਜਗਤ ਵਿਚ ਪਹਿਲੀ ਵਾਰੀ ਲਾਗੂ ਕਰਨ ਦੇ ਮਾਣ ਸਹਿਤ ਪੰਜਾਬੀ ਯੂਨੀਵਰਸਿਟੀ ਵਲੋਂ ਹੁਣ 'ਗੁਰਮਤਿ ਸੰਗੀਤ ਦੀ ਤਕਨੀਕੀ ਸ਼ਬਦਾਵਲੀ' (ਗੁਰਮਤਿ ਟਰਮੀਨੋਲੋਜੀ) ਸਾਰੀ ਦੁਨੀਆ ਲਈ ਪ੍ਰਕਾਸ਼ਿਤ ਕੀਤੀ ਗਈ ਹੈ। ਸ਼ੁੱਕਰਵਾਰ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ.ਜਸਪਾਲ ਸਿੰਘ ਅਤੇ ਹੋਰ ਵਿਦਵਾਨਾਂ ਵਲੋਂ ਗੁਰਮਤਿ ਸੰਗੀਤ ਭਵਨ ਵਿਖੇ ਇਸਨੂੰ ਲੋਕ ਅਰਪਨ ਕੀਤਾ ਗਿਆ। ਪੰਜਾਬੀ ਯੂਨੀਵਰਸਿਟੀ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਕਲਾ ਨਾਲ ਜੁੜੇ ਕਿਸੇ ਵਿਭਾਗ ਨੇ ਪੂਰੀ ਦੁਨੀਆਂ ਵਿਚ ਵਸਦੇ ਲੋਕਾਂ ਦੀ ਸਹੂਲੀਅਤ ਲਈ ਹਿੰਦੀ ਪੰਜਾਬੀ ਅਤੇ ਅੰਗਰੇਜੀ ਤਿੰਨ ਭਾਸ਼ਾਵਾਂ ਵਿਚ ਗੁਰਮਤਿ ਸੰਗੀਤ ਵਿਚ ਵਰਤੇ ਜਾਂਦੇ ਹਰ ਸ਼ਬਦ ਦੀ ਪਰਿਭਾਸ਼ਾ ਦਿੱਤੀ ਹੈ। ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਦੀ ਪ੍ਰੇਰਨਾ ਸਦਕਾ ਸਮਰਪਿਤ ਵਿਦਵਾਨਾਂ ਦੀ ਇਕ ਅਕਾਦਮਿਕ ਟੀਮ ਦੇ ਸਾਮੂਹਿਕ ਯਤਨਾਂ ਦੁਆਰਾ ਵਰ੍ਹਿਆਂ ਦੇ ਅਕਾਦਮਿਕ ਮਿਹਨਤ ਤੋਂ ਸੰਪਾਦਤ ਇਸ ਅਹਿਮ ਇਤਿਹਾਸਕ ਪ੍ਰਕਾਸ਼ਨਾ ਵਿਚ ਗੁਰਮਤਿ ਸੰਗੀਤ ਦੀ ਤਕਨੀਕੀ ਸ਼ਬਦਾਵਲੀ ਦਾ ਸੰਗ੍ਰਹਿ, ਪਰਿਚੈ ਅਤੇ ਸ਼ਾਬਦਿਕ ਚਿਤਰਣ ਕੀਤਾ ਗਿਆ। ਗੁਰਮਤਿ ਸੰਗੀਤ ਵਿਭਾਗ ਦੀ ਪ੍ਰਕਾਸ਼ਨਾ ਨੂੰ ਰਿਲੀਜ ਕਰਨ ਤੋਂ ਬਾਦ ਆਪਣੇ ਸੰਬੋਧਨ ਵਿਚ ਵਾਈਸ ਚਾਂਸਲਰ ਡਾ.ਜਸਪਾਲ ਸਿੰਘ ਨੇ ਕਿਹਾ ਕਿ ਪੂਰੇ ਵਿਸ਼ਵ ਵਿਚ ਗੁਰਮਤਿ ਸੰਗੀਤ ਵਿਭਾਗ ਦੇ ਮੁਖੀ ਡਾ.ਗੁਰਨਾਮ ਸਿੰਘ ਦੀ ਅਗਵਾਈ ਵਿਚ ਹੋ ਰਹੇ ਕਾਰਜਾਂ ਕਰਕੇ ਪੰਜਾਬੀ ਯੂਨੀਵਰਸਿਟੀ ਨੂੰ ਇਕ ਅਲੱਗ ਪਹਿਚਾਣ ਮਿਲੀ ਹੈ, ਗੁਰਮਤਿ ਸੰਗੀਤ ਤਕਨੀਕੀ ਸ਼ਬਦਾਵਲੀ ਦੇ ਇਸ ਕਾਰਜ ਨਾਲ ਪੰਜਾਬੀ ਯੂਨੀਵਰਸਿਟੀ ਦਾ ਝੰਡਾ ਪੂਰੀ ਦੁਨੀਆਂ ਵਿਚ ਹੋਰ ਬੁਲੰਦ ਹੋਵੇਗਾ। ਇਸ ਪ੍ਰੋਜੈਕਟ ਸਬੰਧੀ ਜਾਣਕਾਰੀ ਦਿੰਦਿਆਂ ਵਿਭਾਗ ਦੇ ਮੁਖੀ ਅਤੇ ਪ੍ਰੋਜੈਕਟ ਦੇ ਚੀਫ ਐਡੀਟਰ ਡਾ. ਗੁਰਨਾਮ ਸਿੰਘ ਨੇ ਦਸਿਆ ਕਿ ਵਰ੍ਹਿਆਂ ਤੋਂ ਸਥਾਪਤ ਗੁਰਮਤਿ ਸੰਗੀਤ ਪਰੰਪਰਾ ਦੀ ਅਕਾਦਮਿਕ ਸਥਾਪਨਾ ਦੇ ਨਾਲ ਗੁਰਮਤਿ ਸੰਗੀਤ ਸਬੰਧੀ ਖੋਜ ਤੇ ਅਧਿਆਪਨ ਸਰੋਤਾਂ ਦਾ ਵਿਕਾਸ ਇਕ ਵੱਡੀ ਚੁਣੌਤੀ ਰਿਹਾ ਹੈ ਤਾਂ ਜੋ ਹਰ ਪੱਧਰ 'ਤੇ ਗੁਰਮਤਿ ਸੰਗੀਤ ਦਾ ਵਿਕਾਸ ਹੋ ਸਕੇ। ਇਸ ਵਿਸ਼ੇ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਪਾਠ ਸਮੱਗਰੀ ਤਿਆਰ ਕਰਨਾ, ਗਾਇਨ ਅਤੇ ਵਾਦਨ ਸਮੱਗਰੀ ਦਾ ਸੰਗ੍ਰਹਿ ਅਤੇ ਪੁਨਰ ਸੁਰਜੀਤੀ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਰਾਗਾਂ ਦੀ ਪ੍ਰਮਾਣਿਕ ਪ੍ਰਸਤੁਤੀ ਬੁਨਿਆਦੀ ਤੌਰ ਤੇ ਲਾਜਮੀ ਸੀ। ਦੂਸਰੀਆਂ ਸੰਗੀਤ ਪਰੰਪਰਾਵਾਂ ਦੀ ਤੁਲਨਾ ਵਿਚ ਗੁਰਮਤਿ ਸੰਗੀਤ ਸਬੰਧੀ ਸ਼ਬਦਾਵਲੀ ਨੂੰ ਸੁਖੈਨ, ਸਪਸ਼ਟ ਤੇ ਪ੍ਰਮਾਣਿਕ ਬਣਾਉਣ ਲਈ ਗੁਰਮਤਿ ਸੰਗੀਤ ਤਕਨੀਕੀ ਸ਼ਬਦਾਵਲੀ ਦਾ ਇਹ ਪਹਿਲਾ ਸੰਸਕਰਣ ਪ੍ਰਕਾਸ਼ਿਤ ਕੀਤਾ ਗਿਆ ਹੈ ਜੋ ਗੁਰਮਤਿ ਸੰਗੀਤ ਦੀ ਪਰੰਪਰਾਗਤ ਸਿਧਾਂਤਕ ਤੇ ਵਿਹਾਰਕ ਸ਼ਬਦਾਵਲੀ ਤੇ ਅਧਾਰਿਤ ਹੈ ਜਿਸਨੂੰ ਪ੍ਰਚਲਿਤ ਸ਼ਬਦਾਵਲੀ ਦੀ ਬਜਾਇ ਵਿਗਿਆਨਕ ਆਧਾਰ 'ਤੇ ਸਿਰਜਿਆ ਗਿਆ ਹੈ। ਇਹ ਕਾਰਜ ਵਿਦਵਾਨ ਸਲਾਹਕਾਰ ਮੰਡਲ, ਸੰਪਾਦਕੀ ਮੰਡਲ, ਖੋਜ ਅਤੇ ਤਕਨੀਕੀ ਸਟਾਫ ਦੁਆਰਾ ਅੰਗਰੇਜੀ, ਪੰਜਾਬੀ ਅਤੇ ਹਿੰਦੀ ਤਿੰਨੇ ਭਾਸ਼ਾਵਾਂ ਵਿਚ ਸੰਪੂਰਣ ਕੀਤਾ ਗਿਆ ਹੈ। ਪੰਜਾਬੀ ਯੂਨੀਵਰਸਿਟੀ ਦੇ ਇਸ ਕਾਰਜ ਨਾਲ ਵੱਖ ਵੱਖ ਰਾਜਾਂ ਅਤੇ ਮੁਲਕਾਂ ਦੇ ਖੋਜਾਰਥੀਆਂ ਨੂੰ ਬਹੁਤ ਵੱਡੀ ਸਹਾਇਤਾ ਮਿਲੇਗੀ। ਇਸ ਮੌਕੇ ਸਾਬਕਾ ਪ੍ਰੋਫੈਸਰ ਅਤੇ ਉੱਘੇ ਵਿਦਵਾਨ ਡਾ.ਬਲਕਾਰ ਸਿੰਘ, ਡਾ.ਦਵਿੰਦਰ ਸਿੰਘ ਡਾਇਰੈਕਟਰ ਪਲੈਨਿੰਗ ਐਂਡ ਮੌਨੀਟਰਿੰਗ, ਡਾ.ਯਸ਼ਪਾਲ ਸ਼ਰਮਾ ਡੀਨ ਆਰਟ ਐਂਡ ਕਲਚਰ, ਡਾ.ਨਿਵੇਦਿਤਾ ਸਿੰਘ ਮੁਖੀ ਸੰਗੀਤ ਵਿਭਾਗ, ਡਾ.ਰਾਜਿੰਦਰ ਸਿੰਘ ਗਿੱਲ, ਡਾ.ਹਰਜਿੰਦਰ ਸਿੰਘ ਵਾਲੀਆ, ਡਾ.ਸਰਬਜਿੰਦਰ ਸਿੰਘ, ਡਾ.ਧਨਵੰਤ ਕੌਰ, ਡਾ.ਅੰਮ੍ਰਿਤਪਾਲ ਕੌਰ ਡੀਨ ਵਿਦਿਆਰਥੀ ਭਲਾਈ ਲੜਕੀਆਂ, ਡਾ.ਜਸਬੀਰ ਸਿੰਘ ਭਾਟੀਆ, ਡਾ.ਜੋਗਾ ਸਿੰਘ, ਡਾ.ਕੰਵਲਜੀਤ ਸਿੰਘ, ਸ੍ਰੀ ਅਰੁਣ ਕੁਮਾਰ ਝਾਅ, ਡਾ.ਜਸਵਿੰਦਰ ਸਿੰਘ, ਡਾ.ਵਰਿੰਦਰ ਕੌਰ, ਸੰਗੀਤ ਵਿਭਾਗ ਤੋਂ ਰਿਸਰਚ ਸਕਾਲਰ ਜਤਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਕੈਂਪਸ ਦੇ ਫੈਕਲਟੀ ਮੈਂਬਰ ਅਤੇ ਵਿਦਿਆਰਥੀ ਹਾਜਰ ਸਨ।

# ਸੁਰ ਲਿਪੀ

**ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ**

ਸ੍ਰੀ ਰਾਗ, ਪੂਰਵੀ ਅੰਗ, ਔੜਵ-ਸੰਪੂਰਣ, ਵਾਦੀ-ਰੁ, ਸੰਵਾਦੀ-ਪ
ਸਮਾਂ - ਸ਼ਾਮ ਦਾ, ਆਰੋਹੀ ਵਿਚ ਗ ਧੁ ਵਰਜਿਤ,
ਆਰੋਹ-ਸ ਰੁ ਮ' ਪ ਨ ਸਂ ॥ ਅਵਰੋਹ: ਸਂ ਨ ਧੁ ਪ ਮ' ਗ ਰੁ ਸ ॥

## ਸ੍ਰੀ ਰਾਗ (ਰਵਿਦਾਸ ਜੀਓ) (੯੩)

| × | | 2 | | | 0 | | 3 | | | × | | 2 | | | 0 | | 3 | | |
|---|---|---|---|---|---|---|---|---|---|---|---|---|---|---|---|---|---|---|---|
| ਸਥਾਈ | | | | | | | | | | | | | | | | | | | |
| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
| ਰੁ | ਗ | ਰੁ | - | ਸ | ਪ | ਮ' | ਧੁ | (ਧੁ)ਪ | ਪ | ਨ | - | ਧੁ | - | ਪ | ਰੁ | ਗ | ਰੁ | ਸ | - |
| ਤੋ | ਹੀ | ਮੋ | s | ਹੀ | ਮੋ | ਹੀ | ਤੋ | s | ਹੀ | ਅੰ | s | ਤ | s | ਰੁ | ਕੈ | s | ਸ। | s | s |
| ਸ | ਰੁ | ਗ | ਰੁ | - | ਪ | ਮ' | ਪ | - | - | ਨ | (ਨ)ਧੁ | ਪ | - | ਪ | ਰੁ | ਗ | ਰੁ | ਸ | - |
| ਕ | ਨ | ਕ | s | s | ਕ | ਟਿ | ਕ | s | s | ਜਲ | ਤ | ਰੰ | s | ਗ | ਜੈ | s | ਸਾ | s | s |
| ਅੰਤਰਾ | | | | | | | | | | | | | | | | | | | |
| ਪ | ਮ' | ਪ | ਨ | - | ਸਂ | ਸਂ | ਰੁ | ਸਂ | ਸਂ | ਰੁ | - | ਗ | ਰੁੰ | ਸਂ | ਨ | ਧੁ | ਪ | - | - |
| ਜਉ | ਪੈ | ਹਮ | ਨ | s | ਪਾ | ਪ | ਕ | ਰੰ | ਤਾs | ਅ | s | ਹੇ | s | ਅ | ਨੰ | s | ਤਾ | s | s |
| ਨ | ਸਂ | ਰੁਂ | ਸਂ | ਸਂ | ਨ | ਧੁ | ਪ | - | - | ਨ | ਧੁ | ਪ | - | ਪ | ਰੁ | ਗ | ਰੁ | ਸ | - |
| ਪ | ਤਿ | ਤ | s | ਪਾ | ਵ | s | ਨ | s | s | ਨਾ | ਮੁ | ਕੈ | s | ਸੇ | ਹੁ | s | ਤਾ | s | s |
| ਨ਼ ਸ | ਰੁ | ਗ | ਰੁ | - | ਪਮ' | ਧੁ | ਪ | - | - | ਧੁ | - | ਪ | - | ਪ | (ਪ)ਰੁ | ਗ | ਰੁ | ਸ | ਸ |
| ਤੁ | ਮ | ਜੁ | s | s | ਨਾ | ਇ | ਕ | s | s | ਆ | s | ਛ | s | ਹੁ | ਅੰ | ਤਰ | ਜਾ | s | ਮੀ |
| ਪਮ' | ਧੁ | ਪ | - | ਪ | ਨ | ਧੁ | ਪ | - | ਪ | ਧੁ | - | ਪ | - | ਪ | (ਪ)ਰੁ | ਗ | ਰੁ | ਸ | - |
| ਪ੍ਰਭ | ਤੇ | ਜ | s | ਨੁ | ਜਾ | s | ਨੀ | s | ਜੈ | ਜ | s | ਨ | s | ਤੇ | ਸੁਆ s | | ਮੀ | s | s |
| ਪ- | ਮ' | ਪ | ਨ | ਨ | ਸਂ | ਸਂ | ਰੁਂ | ਸਂ | ਸਂ | ਰੁਂ | - | ਗਂ | ਰੁਂ | ਸਂ | ਨ | ਧੁ | ਪ | - | - |
| ਸਰੀ | s | ਰੁ | s | ਆ | ਰਾ | ਧੈ | ਮੋ | s | ਕਉ | ਬੀ | s | ਚਾ | s | ਰੁ | ਦੇ | s | ਹੂ | s | s |
| ਨ | ਸਂ | ਰੁ | ਸਂ | ਸਂ | ਨ | ਧੁ | ਪ | - | ਪ | ਨ | ਧੁ | ਪ | - | ਪ | (ਪ)ਰੁ | ਗ | ਰੁ | ਸ | - |
| ਰ | ਵਿ | ਦਾ | s | ਸ | ਸ | ਮ | ਦ | s | ਲ | ਸ | ਮ | ਝਾ | s | ਵੈ | ਕੋ | s | ਊ | s | s |

ਧੰਨਵਾਦ ਸਹਿਤ ਪੁਸਤਕ ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ ਵਿਚੋਂ



## POSITIVE THINKING

* If you stand for a reason, be prepared to stand like a tree. If you fall on the ground, fall as a seed that grows back to fight again.
* Don't expect your friend to be a perfect person but help your friend to become a perfect person (Mother Taresa)
* In life you will realize that there is a purpose for every person we meet. Some will come to test us, some will use us, some will bring out the best in us. Keep learning from everyone.

***With best Compliments from a Well Wisher***

## ਅੰਗ ੯੩

## ਸਿਰੀਰਾਗੁ ॥

Sree Raag:

**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥**

You are me, and I am You-what is the difference between us?

**ਕਨਕ ਕਟਿਕ ਜਲ ਤਰੰਗ ਜੈਸਾ ॥੧॥**

We are like gold and the bracelet, or water and the waves. ||1||

**ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥**

If I did not commit any sins, O Infinite Lord,

**ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥੧॥ ਰਹਾਉ ॥**

how would You have acquired the name, 'Redeemer of sinners'? ||1||Pause||

**ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ ॥**

You are my Master, the Inner-knower, Searcher of hearts.

**ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥੨॥**

The servant is known by his God, and the Lord and Master is known by His servant. ||2||

**ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ ॥**

Grant me the wisdom to worship and adore You with my body.

**ਰਵਿਦਾਸ ਸਮ ਦਲ ਸਮਝਾਵੈ ਕੋਊ ॥੩॥**

O Ravi Daas, one who understands that the Lord is equally in all, is very rare. ||3||





ਇਹ ਸੀ. ਡੀ. ਮੁਫਤ ਪ੍ਰਾਪਤ
ਕਰਨ ਲਈ
ਆਪਣਾ ਨਾਮ ਅਤੇ ਐਡਰੈਸ
ਮੋਬਾਇਲ ਨੰ: 09814053630
ਉੱਤੇ
ਐਸ. ਐੱਮ. ਐਸ. ਕਰੋ ਜੀ।

# ਅੰਮ੍ਰਿਤ ਕੀਰਤਨ

# 422, ਸੈਕਟਰ 15- ਏ,
ਚੰਡੀਗੜ੍ਹ-160015

**E-mail : drjagirsingh@gmail.com**
**Website : www.amritkirtan.com**

Get **Involved!**

**Let no child suffer due to lack of medical equipment or lack of funds**

Nanhi Jaan

Giving Children the Care They Deserve

# Become a

Regular Donor

Volunteer

Flag Bearer

**To donate please send the amount by Chq/DD in the name of Veeranwali Foundation-Nanhi Jaan, payable Chandigarh**



Project Nanhi Jaan started when some extremely stressful circumstances were experienced at the Advanced Pediatric Center at PGIMER, Chandigarh, a tertiary hospital for Children, due to mismatch in critical care equipment, lack of freely available consumable and increased workload because of skewed doctor to patient ratio. There are cases where children have to be manually assisted with breathing due to shortage of ventilators. Delays in critical surgeries due to lack of finances with the family are also a problem, not to mention that the families have to bear not only the emotional and financial burden, but also the physical pain of carrying samples and collecting reports from different blocks of the hospital.

**NANHI JAAN (A PROJECT OF VEERANWALI FOUNDATION)**

C/o Omni Hospital, SCO 343-345, Sec. 34-A, Chandigarh, Ph : 91+8558050000

E-mail : helpdesk@nanhijaan.in, Website : www.nanhijaan.in

Postal Regd. No. G/CHD /0045/2012-14 RNI Regd. No. 46788/89 ISSN 0972-2335

